
# ਕਿਸਾਨ ਦਾ ਦਰਦ ਕਿਸਾਨ ਦੀ ਜੁਬਾਨੀ



ਫੋਕਸ ਇੰਡੀਆ
ਪ੍ਰਕਾਸ਼ਨ:
ਸਤੰਬਰ 2018

ਸਹਿਯੋਗੀ:
ਰੋਜਾ ਲਕਜਮਬਰਗ ਸਟਿਫਟੁੰਗ
ਸਾਊਥ ਏਸ਼ੀਆ

# ਕਿਸਾਨ ਦਾ ਦਰਦ ਕਿਸਾਨ ਦੀ ਜ਼ੁਬਾਨੀ

FOCUS ON THE GLOBAL SOUTH

ਚਿੱਤਰਕਾਰ : ਅਜੀਤ ਲਾਕੜਾ

ਲੇਖਕ : ਹਰਿਪ੍ਰਕਾਸ਼ (ਉਰਫ ਸੋਨੂ ਸ਼ਰਮਾ)

ਰਾਹ ਦਸੇਰਾ : ਅਫ਼ਸਰ ਜਾਫ਼ਰੀ

ਗੁਰਮੁਖੀ ਅਨੁਵਾਦ : ਨਰਪਿੰਦਰ ਸਿੰਘ ਝਿੰਝਾ

ਪ੍ਰਕਾਸ਼ਨ : ਸਤੰਬਰ 2018

ਇਸ ਪੁਸਤਕ ਦੀਆਂ ਕਾਪੀਆਂ ਮੰਗਵਾਉਣ ਲਈ ਸੰਪਰਕ ਪਤਾ : ਨਰਪਿੰਦਰ ਸਿੰਘ ਝਿੰਝਾ
ਪਿੰਡ ਬੇਗਾਵਾਲੀ, ਜਿਲਾ ਫਾਜ਼ਲਿਕਾ
ਪੰਜਾਬ - 152123, ਫੋਨ : 98152 11124

ਦਵਾਰਾ ਪ੍ਰਕਾਸ਼ਿਤ : ਫੋਕਸ ਆਨ ਦ ਗਲੋਬਲ ਸਾਊਥ
33 ਡੀ ਤੀਜੀ ਮੰਜ਼ਿਲ ਵਿਜੈ ਮੰਡਲ
ਐਨਕਲੇਵ ਡੀ.ਡੀ.ਏ. ਐਸ.ਐਫ.ਐਸ. ਫਲੈਟਸ
ਕਾਲੂ ਸਰਾਏ, ਹੌਜ਼ ਖ਼ਾਸ, ਨਵੀ ਦਿੱਲੀ - 110016
ਟੈਲੀਫੋਨ : 91-11-26563588, 41049021
http://focusweb.org/

ਸਹਿਯੋਗੀ : ਰੋਜ਼ਾ ਲਕਜਮਬਰਗ ਸਟਿਫਟੁੰਗ, ਸਾਊਥ ਏਸ਼ੀਆ
ਸੈਂਟਰ ਫੋਰ ਇੰਟਰਨੈਸ਼ਨਲ ਕੋ-ਅਪ੍ਰੇਸ਼ਨ ਸੀ-15
ਦੂਜੀ ਮੰਜਿਲ ਸਫਦਰ ਜੰਗ ਡਵੈਲਪਮੈਂਟ ਏਰੀਆ ਮਾਰਕਿਟ
ਨਵੀਂ ਦਿੰਲੀ - 110016
www.rosalux-southasia.org

"Sponsored by the Rosa Luxemburg Foundation e.V. with funds of the Federal Ministry for Economic Cooperation and Development of the Federal Republic of Germany."
"Gefördert durch die Rosa-Luxemburg-Stiftung e.V. aus Mitteln des Bundesministerium für wirtschaftliche Zusammenarbeit und Entwicklung der Bundesrepublik Deutschland"

ਫੋਟੋ ਛਾਪਕ : ਅਜੀਤ ਲਾਕੜਾ

ਬਣਾਵਟ ਅਤੇ ਛਪਾਈ : ਪੁਲਸ਼ਾਪ, 9810213737


ਇਸ ਪੁਸਤਕ ਦੀ ਵਿਸ਼ਾ ਵਸਤੂ ਦਾ ਇਸ ਸ਼ਰਤ ਦੇ ਨਾਲ ਬਿਨਾ ਰੋਕ ਟੋਕ ਦੇ ਦੁਬਾਰਾ ਛਪਾਈ ਅਤੇ ਉਤਪੱਤੀ ਕੀਤੀ ਜਾ ਸਕਦੀ ਹੈ। ਅਤੇ ਇਸ ਸਰੋਤ ਦੀ ਵਿਆਖਿਆ ਕੀਤੀ ਜਾਵੇ। ਫੋਕਸ਼ ਆਨ ਦਾ ਗਲੋਬਲ ਸਾਊਥ ਅਤੇ ਉਸ ਪ੍ਰਕਾਸ਼ਿਤ ਸਮੱਗਰੀ ਨੂੰ ਪਾਉਣ ਤੇ ਕਰਜਾਈ ਰਹੇਗਾ। ਜਿਸ ਵਿੱਚ ਇਸ ਰਿਪੋਟ ਦੀ ਵਿਆਖਿਆ ਕੀਤੀ ਗਈ ਹੈ।

ਇਹ ਇਕ ਅਭਿਆਨ ਪ੍ਰਕਾਸ਼ਨ ਹੈ ਅਤੇ ਨਿੱਜੀ ਵੰਡ ਲਈ ਹੈ।

# ਜਾਣਕਾਰੀ

**ਭਾਰਤ ਦੇਸ ਦੇ ਪ੍ਰਾਚੀਨਕਾਲ ਦੀ ਇਕ ਕਹਾਵਤ ਹੈ। ਉਤਮ ਖੇਤੀ ਮਾਧਿਅਮ ਬਾਨ ਕਰਤ ਚਾਕਰੀ ਕੂਕਰ ਨਿਦਾਨ**

ਇਸਦਾ ਅਰਥ ਹੈ ਕਿ ਭਾਰਤ ਵਿਚ ਖੇਤੀ ਕਰਨਾ ਸਭ ਤੋ ਉਕਤ ਮੰਨਿਆ ਜਾਦਾ ਹੈ। ਵਪਾਰ ਦਾ ਦੂਜਾ ਸਥਾਨ ਹੈ। ਅੰਤ ਵਿਚ ਨੌਕਰੀ ਕਰਨਾ। ਅੱਜ ਮਾਹੌਲ ਬਦਲ ਗਿਆ ਹੈ। ਨੋਕਰੀ ਕਰਨਾ ਅੱਜ ਸਰਵਉੱਤਮ ਮੰਨਿਆ ਜਾਂਦਾ ਹੈ। ਇਸ ਕੰਮ ਦੇ ਲਈ ਪ੍ਰਤੇਕ ਖੇਤਰਾ ਵਿਚ ਬੜਾ ਕਪੀਟੀਸ਼ਨ ਚੱਲ ਰਿਹਾ ਹੈ । ਅੱਜ ਕਿਸਾਨ ਆਪਣੀ ਖੇਤੀ ਦੀ ਜਮੀਨ ਵੇਚ ਕੇ ਆਪਣੇ ਬੱਚਿਆ ਨੂੰ ਪੜ੍ਹਾ ਲਿਖਾ ਕੇ ਨੌਕਰੀ ਹੀ ਕਰਵਾਉਣਾ ਚਾਹੁੰਦਾ ਹੈ। ਭਾਵੇ ਉਹ ਨੌਕਰੀ ਸਰਕਾਰੀ ਹੋਵੇ ਜਾ ਗੈਰ ਸਰਕਾਰੀ। ਪਿੰਡ ਤੋ ਕਿਸਾਨ ਪਲਾਯਨ ਕਰਕੇ ਸਹਿਰ ਵਿੱਚ ਰੋਜਗਾਰ ਦੇ ਲਈ ਜਾ ਰਹੇ ਹਨ ਅਤੇ ਉਥੇ ਜਾ ਕੇ ਰਿਕਸ਼ਾ ਚਲਾਣ ਦਾ ਕੰਮ, ਫ਼ਲ ਸਬਜੀ ਵੇਚਣ ਦਾ ਕੰਮ, ਕਚਰਾ ਚੁੱਕਣ ਦਾ ਕੰਮ, ਵੱਡੇ - ਵੱਡੇ ਘਰਾ ਵਿਚ ਨੌਕਰ, ਮਾਲੀ, ਸਕਿਉਰਟੀ ਗਾਰਡ ਅਤੇ ਡਰਾਇਵਰ ਦਾ ਕੰਮ ਕਰਨ ਲਈ ਮਜਬੂਰ ਹੈ ਅਤੇ ਇਹ ਸਭ ਨਾ ਮਿਲਣ ਦੀ ਸੂਰਤ ਵਿਚ ਉਹ ਸੜਕ ਤੇ ਭੀਖ ਮੰਗਦਾ ਹੈ। ਇਹ ਰੋਜਗਾਰ ਵੀ ਪੱਕੇ ਨਹੀਂ ਹਨ ਪਤਾ ਨਹੀਂ ਅੱਜ ਹੈ ਤੇ ਕੱਲ ਲਈ। ਪਿੰਡ ਦਾ ਕਿਸਾਨ ਸ਼ਹਿਰੀ ਲੋਕਾਂ ਲਈ ਇਕ ਸਸਤਾ ਮਜਦੂਰ ਬਣ ਕੇ ਰਹਿ ਗਿਆ ਹੈ। ਇਸ ਲਈ ਪਿੰਡਾ ਵਿਚ ਲੋਕਾਂ ਦੀ ਅਬਾਦੀ ਘੱਟ ਗਈ ਹੈ ਅਤੇ ਸ਼ਹਿਰੀ ਦੀ ਅਬਾਦੀ ਵੱਧ ਗਈ ਹੈ। ਇਸ ਤਰ੍ਹਾ ਪਿੰਡਾ ਦੇ ਵਿਕਾਸ ਦਾ ਕੰਮ ਖਤਮ ਹੁੰਦਾ ਜਾ ਰਿਹਾ ਹੇ।

ਅਸੀਂ ਭਾਰਤ ਵਿਚ ਖੇਤੀ ਦੇ ਇਤਿਹਾਸ ਵਿਚ ਨਜਰ ਮਾਰੀਏ ਤਾਂ ਸਾਨੂੰ ਖੇਤੀ ਵਿਵਸਥਾ ਦੇਖਣ ਨੂੰ ਮਿਲਦੀ ਹੈ। ਸ਼ਇਦ ਇਸ ਵਿਵਸਥਾ ਦੇ ਚੱਲਦੇ ਭਾਰਤ ਨੂੰ ਖੇਤੀ ਪ੍ਰਧਾਨ ਦੇਸ ਕਿਹਾ ਜਾਦਾ ਹੈ। ਇਸ ਖੇਤੀ ਅਰਥ ਵਿਵਸਥਾ ਦੇ ਚਲਦੇ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਭਾਰਤ ਦਾ ਕਿਸਾਨ ਪੂਰੀ ਤਰ੍ਹਾਂ ਨਾਲ ਆਤਮ ਨਿਰਭਰ ਸੀ। ਜਿਸਦਾ ਕਾਰਨ ਜੀਰੋ ਬਜਟ ਖੇਤੀ ਕਰਨਾ ਸੀ। ਜਿਸਦੇ ਵਿਚ ਲਾਗਤ ਨਾ ਦੇ ਬਰਾਬਰ ਸੀ। ਸਾਡਾ ਕਿਸਾਨ ਇੰਨਾ ਉੱਤੱਮ ਅਤੇ ਖੁਸਹਾਲ ਸੀ ਕਿ ਉਸਨੇ ਭਾਰਤ ਵਿਚ ਕਈ ਪ੍ਰਕਾਰ ਦੀਆ ਫਸਲਾਂ ਨੂੰ ਉਗਾਇਆ ਸੀ। ਪਰੰਤੂ ਅੱਜ ਮਹੌਲ ਬਦਲ ਗਿਆ ਹੈ। ਭਾਰਤ ਦਾ ਕਿਸਾਨ ਕਰਜੇ ਦੇ ਚਲਦੇ ਜਾ ਤਾ ਖੇਤੀ ਵੇਚ ਰਿਹਾ ਹੈ ਜਾ ਆਤਮ ਹੱਤਿਆ ਕਰਨ ਲਈ ਮਜਬੂਰ ਹੈ। ਪਿਛੱਲੇ 20 ਸਾਲਾਂ ਵਿੱਚ 3.5 ਲੱਖ ਤੋ ਜ਼ਿਆਦਾ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ ਅਤੇ ਪ੍ਰਤੀਦਿਨ ਲਗਭਗ 2400 ਕਿਸਾਨ ਖੇਤੀ ਛੱਡ ਕੇ ਸ਼ਹਿਰ ਵਿਚ ਸਸਤੇ ਮਜਦੂਰ ਬਣ ਗਏ ਹਨ। ਇਹਨਾਂ ਸਭ ਕਾਰਨਾ ਦੇ ਬਿਨਾਂ ਖੇਤੀ ਅਤੇ ਕਿਸਾਨ ਨੂੰ ਬਚਾਉਣ ਸੰਭਵ ਨਹੀਂ ਹੈ।

ਸਾਡੀ ਪਰੰਪਰਾਗਤ ਖੇਤੀ ਸਾਡਾ ਪਰੰਪਰਾਗਤ ਗਿਆਨ ਅਤੇ ਸਰੀਰ ਪਰ ਅਧਾਰਿਤ ਸੀ ਅਤੇ ਪੀੜ੍ਹੀ ਦਰ ਪੀੜ੍ਹੀ ਇਹ ਗਿਆਨ ਸਾਨੂੰ ਵਿਰਾਸਤ ਵਿੱਚ ਮਿਲਦਾ ਚਲਦਾ ਆ ਰਿਹਾ ਹੈ। ਜਦੋ ਤੱਕ ਕੋਈ ਵੀ ਚੀਜ ਵਿਦੇਸ਼ੀ ਹੁੰਦੀ ਹੈ ਉਦੋ ਤੱਕ ਉਸ ਵਿਚ ਬਾਹਰੀ ਚੀਜ ਦਾ ਪ੍ਰਵੇਸ਼ ਨਹੀਂ ਹੁੰਦਾ ਹੈ। ਭਾਰਤ ਦਾ ਕਿਸਾਨ ਪਰੰਪਰਾਗਤ ਖੇਤੀ ਅਤੇ ਜੀਰੋ ਬਜਟ ਖੇਤੀ ਕਰਦਾ ਸੀ, ਜਿਸਦੇ ਕਾਰਨ ਕਿਸਾਨ ਖੁਸ਼ਹਾਲ ਅਤੇ ਕਰਜ ਮੁਕਤ ਸੀ।

1) ਕਿਸਾਨ ਟਰੈਕਟਰ ਦੀ ਜਗ੍ਹਾ ਬੈਲ ਅਤੇ ਹਲ ਨਾਲ ਖੇਤੀ ਕਰਦਾ ਸੀ। ਜਿਸ ਨਾਲ ਉਸਦਾ ਡੀਜਲ, ਪੈਟਰੋਲ ਦਾ ਖਰਚਾ ਬਚ ਜਾਂਦਾ ਸੀ।

2) ਭਾਰਤ ਦੀ ਖੇਤੀ ਵਿਚ ਜੈਵਿਕ ਪਰੰਪਰਾਗਤ ਬੀਜਾ ਦਾ ਪ੍ਰਯੋਗ ਹੁੰਦਾ ਸੀ ਜੋ ਪੇਂਡੂ ਮਹਿਲਾ ਪ੍ਰਬੰਧ ਕਰਕੇ ਰੱਖਦੀ ਸੀ।

3) ਖੇਤੀ ਵਿਚ ਗਾਂ/ਪਸ਼ੂਆ ਦੇ ਗੋਬਰ ਦਾ ਪ੍ਰਯੋਗ ਕੀਤਾ ਜਾਂਦਾ ਸੀ, ਜਿਸ ਨਾਲ ਖੇਤ ਵਿਚ ਕੀਟਾ ਦੀ ਬੜੋਤਰੀ ਹੁੰਦੀ ਸੀ ਜੋ ਕਿ ਕਿਸਾਨ ਅਤੇ ਪ੍ਰਕਿਰਤੀ ਦੇ ਸੰਤੁਲਨ ਵਿੱਚ ਸਭ ਤੋ ਵੱਧ ਸਹਾਇਕ ਹੁੰਦਾ ਸੀ। ਇਸ ਨਾਲ ਜਮੀਨ ਦੀ ਤਾਕਤ ਅਤੇ ਨਮੀ ਬਣੀ ਰਹਿੰਦੀ ਸੀ।

4) ਪਸ਼ੂਆ ਦੇ ਪਿਸਾਬ ਅਤੇ ਨਿਮ ਦੀਆਂ ਪੱਤੀਆ ਦਾ ਉਪਯੋਗ ਕੀਟਨਾਸ਼ਕ ਦੇ ਰੂਪ ਵਿੱਚ ਕੀਤਾ ਜਾਂਦਾ ਸੀ। ਜਿਸਦਾ ਮਨੁੱਖ ਦੇ ਸਰੀਰ ਤੇ ਕੋਈ ਅਸਰ ਨਹੀਂ ਪੈਂਦਾ ਸੀ।

5) ਖੇਤੀ ਦਾ ਇੱਕ ਹਿੱਸਾ (ਮਨੁੱਖ/ਪੰਛੀਆ) ਦੇ ਖਾਣ ਲਈ ਦੂਸਰਾ ਹਿੱਸਾ ਤਣਾ (ਪਸ਼ੂਆ/ਜਾਨਵਰਾ) ਚਾਰੇ ਦੇ ਲਈ ਅਤੇ ਤੀਸਰਾ ਆਖਰੀ ਹਿੱਸਾ ਜੜ੍ਹ (ਮਿੱਟੀ) ਦੇ ਉਪਜਾਉਣ ਦੇ ਲਈ ਹੁੰਦਾ ਸੀ।

6) ਸਾਡੀ ਪ੍ਰਾਚੀਨ ਖੇਤੀ ਸਾਡੇ ਜੀਵਨ ਦੇ ਗੁਜਾਰੇ ਲਈ ਹੁੰਦੀ ਸੀ ਅਤੇ ਇਹ ਜੀਰੋ ਬਜਟ ਖੇਤੀ ਹੁੰਦੀ ਸੀ। ਜਿਸਦੇ ਕਾਰਨ ਕਿਸਾਨ ਕਰਜਮੁਕਤ ਅਤੇ ਖੁਸ਼ਹਾਲ ਸੀ।

ਦੂਜੀ ਤਰਫ ਆਧੁਨਿਕ ਖੇਤੀ ਹੈ ਜਿਸਨੂੰ ਪੂੰਜੀਵਾਦੀ ਖੇਤੀ ਕਹਿਣਾ ਠੀਕ ਹੋਵੇਗਾ। ਇਸ ਤਕਨੀਕ ਨੇ ਕਿਸਾਨ ਦੀ ਪਰੰਪਰਾਗਤ ਗਿਆਨ ਅਤੇ ਸਰੀਰਿਕ ਜੋਰ ਨੂੰ ਖਤਮ ਕਰਕੇ ਕਿਸਾਨ ਨੂੰ ਕਰਜਦਾਰ ਬਣਾ ਦਿੱਤਾ ਹੈ ਜਾ ਵੱਡੇ ਕਿਸਾਨ ਜਾ ਪੂੰਜੀਵਾਦੀਆ ਨੂੰ ਮਜਦੂਰ ਬਦੱਾ ਦਿੱਤਾ ਹੈ। ਆਧੁਨਿਕ ਖੇਤੀ ਵਿਚ ਸਵਦੇਸ਼ੀ ਵਿਵਸਥਾ / ਪਰੰਪਰਾਗਤ ਵਿਵਸਥਾ ਖਤਮ ਹੋ ਗਈ ਹੈ ਅਤੇ ਵਿਦੇਸ਼ੀ ਵਿਵਸਥਾ ਜਿਸ ਵਿਚ ਆਧੁਨਿਕ ਅਤੇ ਮੰਹਿੰਗੇ ਬੀਜ, ਰਸਾਇਣਿਕ ਖਾਦ, ਵੱਡੀਆ ਮਸ਼ੀਨਾ ਵਰਗੇ ਸੰਦ ਇਸਤਮਾਲ ਹੋ ਰਹੇ ਹਨ, ਜਿਸ ਵਿਚ ਖੇਤੀ ਵਿਚ ਬਚਤ ਦੀ ਬਜਾਏ ਖਰਚਾ ਜ਼ਿਆਦਾ ਹੋ ਰਿਹਾ ਹੈ।

1) ਕਿਸਾਨ ਖੇਤੀ ਵਿੱਚ ਟਰੈਕਟਰਾਂ ਅਤੇ ਮਸ਼ੀਨਾ ਦੀ ਵਰਤੋ ਕਰ ਰਿਹਾ ਹੈ। ਜਿਸ ਨਾਲ ਉਸਦੀ ਆਮਦਨ ਦਾ ਵੱਡਾ ਹਿੱਸਾ ਪੈਟਰੋਲ, ਡੀਜਲ, ਕਿਰਾਏ ਦੇ ਲਈ ਟਰੈਕਟਰ ਅਤੇ ਖੁਦ ਦੇ ਟਰੈਕਟਰ ਖਰੀਦਣ ਵਿੱਚ ਜਾ ਰਿਹਾ ਹੈ।

2) ਕਿਸਾਨ ਦੇ ਕੋਲ ਖੁਦ ਦਾ ਬੀਜ ਨਹੀਂ ਹੈ ਕਿਉਕਿ ਆਧੁਨਿਕ ਖੇਤੀ ਨੇ ਕਿਸਾਨ ਦਾ ਬੀਜ ਖਤਮ ਕਰ ਦਿੱਤਾ ਹੈ ਅਤੇ ਵਿਦੇਸ਼ੀ ਕੰਪਨੀਆ ਨੇ ਆਧੁਨਿਕ ਢੰਗ ਨਾਲ ਜਹਿਰੀਲੇ ਬੀਜ ਬਣਾ ਦਿੱਤੇ ਹਨ, ਜਿਸਦੇ ਬੀਜਾ ਦੇ ਨਾਲ - ਨਾਲ ਕਿਸਾਨਾ ਦਾ ਖਰਚਾ ਵੀ ਵੱਧ ਗਿਆ ਹੈ। ਬੀ.ਟੀ ਕਾਟਨ ਜਿਵੇਂ ਕਿ ਜੀ.ਐਮ ਬੀਜ ਜਹਿਰੀਲੇ ਹੋਣ ਦੇ ਨਾਲ - ਨਾਲ ਇਹਨਾ ਨੂੰ ਖੇਤੀ ਵਿੱਚ ਦੁਬਾਰਾ ਉਗਾਇਆ ਨਹੀਂ ਜਾ ਸਕਦਾ ਹੈ ਪਰੰਤੂ ਇਹ ਕਿਸਾਨਾ ਨੂੰ ਮਹਿੰਗੇ ਮੁੱਲ ਤੇ ਖਰੀਦਣੇ ਪੈਂਦੇ ਹਨ।

3) ਯੂਰੀਆ ਦਾ ਪ੍ਰਯੋਗ ਖਾਦ ਦੇ ਰੂਪ ਵਿਚ ਕਰਨ ਨਾਲ ਕਿਸਾਨ ਦਾ ਖਰਚਾ ਵਧਿਆ ਹੈ ਅਤੇ ਇਸ ਤਰ੍ਹਾ ਵੀ ਮੰਨਿਆ ਜਾਦਾ ਹੈ ਕਿ ਜਦੋ ਖੇਤੀ ਵਿਚ ਯੂਰੀਆ ਆਈ ਹੈ ਉਦੋ ਤੋ ਖੇਤੀ ਵਿਚ ਕੀਟਾ ਦੀ ਸੰਖਿਆ ਘੱਟ ਗਈ ਹੈ ਕਿਉਕਿ ਯੂਰੀਆ ਨਾਲ ਕੀਟ ਮਰ ਜਾਦੇ ਹਨ ਅਤੇ ਜਮੀਨ ਨੂੰ ਕੀਟਾ ਕੇ ਕਾਰਨ ਪੋਲੀ ਹੁੰਦੀ ਸੀ। ਉਹ ਅੱਜ ਸਖਤ ਅਤੇ ਬੰਜਰ ਹੋ ਗਈ ਹੈ।

4) ਖੇਤੀ ਵਿੱਚ ਦੁਸ਼ਮਣ ਕੀਟਾ ਦੇ ਆਤਕ ਦੇ ਚਲਦੇ ਸਾਡੇ ਕਿਸਾਨ ਦਾ ਕੀਟਨਾਸ਼ਕ ਦਾ ਖਰਚਾ ਵੱਧ ਗਿਆ ਹੈ, ਜ਼ਹਿਰੀਲੇ ਕੀਟਨਾਸ਼ਕਾਂ ਦੇ ਚਲਦੇ ਪਿੰਡ ਦੀਆ ਨਦੀਆ ਅਤੇ ਵਾਟਰ ਬਕਸਾ ਦਾ ਪਾਣੀ ਅਤੇ ਜਮੀਨੀ ਜਲਸਤਰ ਵੀ ਜ਼ਹਿਰਲੀਲਾ ਹੋ ਗਿਆ ਹੈ। ਪ੍ਰਾਕਿਰਤ ਸੰਤੁਲਨ ਵਿਗੜ ਗਿਆ ਹੈ। ਹੁਣ ਇਹ ਮੌਸਮ ਵਰਖਾ, ਗੜੇਮਾਰੀ ਅਤੇ ਸੋਕਾ ਕਿਸਾਨਾ ਨੂੰ ਨੁਕਸਾਨ ਪੰਹੁਚਾ ਰਿਹਾ ਹੈ।

ਆਧੁਨਿਕ ਖੇਤੀ ਦੇ ਚਲਦੇ ਅਸੀਂ ਮਨੁੱਖ ਜੀਵਨ, ਪਸ਼ੂਆ ਅਤੇ ਪੰਛੀਆ ਨੂੰ ਇਥੋ ਤੱਕ ਕੀ ਆਪਣੀ ਧਰਤੀ ਮਾਂ ਨੂੰ ਵੀ ਬਿਮਾਰ ਬਣਾ ਦਿੱਤਾ ਹੈ। ਇਸ ਖੇਤੀ ਨਾਲ ਕਿਸਾਨਾ ਨੂੰ ਨਹੀਂ ਬਲਕਿ ਪੂੰਜੀਵਾਧੀ ਵਿਵਸਥਾ ਨੂੰ ਵਾਧਾ ਮਿਲ ਰਿਹਾ ਹੈ।

ਜਦੋ ਸਰਕਾਰ ਨੇ ਪਹਿਲੀ ਵਾਰ ਸਾਲ 1967 ਵਿੱਚ ਨਿਉਨਤਮ ਸਮਰੱਥਨ ਮੁੱਲ ਤੇ ਕਣਕ ਦੀ ਖਰੀਦ ਕੀਤੀ ਸੀ ਤਾ ਉਸ ਰੇਟ 76 ਰੁਪਏ ਕੁਇੰਟਲ ਸੀ ਜੋ ਅੱਜ 1700 ਰੁਪਏ ਕੁਇੰਟਲ ਹੈ। ਦੇਖਣ ਵਿੱਚ ਤਾਂ ਕਣਕ ਦਾ ਰੇਟ ਕਾਫੀ ਵਧਿਆ ਹੋਇਆ ਲੱਗਦਾ ਹੈ।ਪਰੰਤੂ ਇਸ ਇੱਕ ਕੁਇੰਟਲ ਕਣਕ ਨਾਲ ਜੋ ਸਮਾਨ ਕਿਸਾਨ ਖਰੀਦਦਾ ਸੀ, ਉਸਦੀ ਤੁਲਨਾ ਕਰੀਏ ਤਾਂ ਪਤਾ ਲਗਦਾ ਹੈ ਕਿ ਕਿਸਾਨ ਆਤਮ ਹੱਤਿਆ ਕਰਨ ਲਈ ਕਿਉਂ ਮਜਬੂਰ ਹੈ ਅਤੇ ਉਸਦੀ ਖੇਤੀ ਦਾ ਘਾਟਾ ਕਿੰਨਾ ਹੈ।

1) ਸਾਲ 1967 ਵਿੱਚ ਕਣਕ ਦਾ ਰੇਟ 76 ਰੁਪਏ ਅਤੇ ਸੋਨਾ 190 ਰੁਪਏ ਤੋਲਾ ਸੀ, ਉਦੋ 2 ਕੁਇੰਟਲ ਕਣਕ ਵੇਚਕੇ ਕਿਸਾਨ ਇਕ ਤੋਲਾ ਸੋਨਾ ਖਰੀਦ ਸਕਦਾ ਸੀ ਪਰੰਤੂ ਅੱਜ ਇਕ ਤੋਲਾ ਸੋਨਾ ਖਰੀਦਣ ਲਈ ਕਿਸਾਨ ਨੂੰ ਲਗਭਗ 18 ਕੁਇੰਟਲ ਕਣਕ ਵੇਚਣੀ ਪਉਗੀ।

2) ਡੀਜਲ 38 ਪੈਸੇ ਲੀਟਰ ਸੀ, ਉਦੋ ਕਿਸਾਨ ਇਕ ਕੁਇੰਟਲ ਕਣਕ ਵੇਚਕੇ 200 ਲੀਟਰ ਡੀਜਲ ਖਰੀਦ ਸਕਦਾ ਸੀ ਪਰੰਤੂ ਅੱਜ ਇਕ ਕੁਇੰਟਲ ਕਣਕ ਵੇਚਕੇ ਸਿਰਫ 30 ਲੀਟਰ ਡੀਜਲ ਖਰੀਦ ਪਾਉਂਦਾ ਹੈ।

3) ਇੱਟ ਦਾ ਰੇਟ 25 ਪੈਸੇ/10 ਪੈਸੇ ਸੀ, ਇਸਦਾ ਮਤਲਬ ਕਿਸਾਨ ਇਕ ਕੁਇੰਟਲ ਕਣਕ ਵੇਚ ਕੇ 3000 ਇੱਟ ਖਰੀਦ ਸਕਦਾ ਸੀ ਜੋ

ਕਿ ਅੱਜ ਇਕ ਕੁਇੰਟਲ ਕਣਕ ਵੇਚਕੇ ਸਿਰਫ 350 ਹੀ ਖਰੀਦ ਸਕਦਾ ਹੈ।

4) ਸੀਮੇਂਟ ਦਾ ਰੇਟ 5 ਰੁਪਏ ਬੋਰੀ ਸੀ, ਉਦੋ ਕਿਸਾਨ ਕਣਕ ਵੇਚਕੇ 15 ਬੋਰੀ ਸੀਮੇਟ ਖਰੀਦ ਸਕਦਾ ਸੀ ਪਰੰਤੂ ਅੱਜ ਇਕ ਕੁਇੰਟਲ ਕਣਕ ਵੇਚਕੇ ਸਿਰਫ 5 ਬੋਰੀ ਸੀਮੇਂਟ ਖਰੀਦ ਸਕਦਾ ਹੈ।

5) ਸਾਲ 1967 ਵਿਚ ਸਰਕਾਰੀ ਅਧਿਆਪਕ ਦੀ ਤਨਖਾਹ 70 ਰੁਪਏ ਮਹੀਨੇ ਸੀ ਅਗਰ ਉਸ ਸਮੇ ਸਰਕਾਰੀ ਅਧਿਆਪਕ ਨੂੰ ਇਕ ਕੁਇੰਟਲ ਕਣਕ ਖਰੀਦਣੀ ਪੈਦੀ ਤਾ ਉਸਨੂੰ 6 ਰੁਪਏ ਆਪਣੇ ਘਰ ਵਿਚੋਂ ਦੇਣੇ ਹੁੰਦੇ ਸੀ ਪਰੰਤੂ ਅੱਜ ਸਰਕਾਰੀ ਅਧਿਆਪਕ ਇਕ ਮਹੀਨੇ ਦੀ ਤਨਖਾਹ ਨਾਲ ਲਗਭਗ 30 ਕੁਇੰਟਲ ਤੋ ਜਿਆਦਾ ਕਣਕ ਪ੍ਰਤੀਮਹੀਨਾ ਖਰੀਦ ਸਕਦਾ ਹੈ।


ਹੁਣ ਸਵਾਲ ਉਠਦਾ ਹੈ ਕਿ ਜਦੋਂ ਕਣਕ ਦਾ ਰੇਟ 76 ਰੁਪਏ ਕੁਇੰਟਲ ਸੀ ਉਦੋ ਕਿਸਾਨ ਫਾਇਦੇ ਵਿਚ ਸੀ ਲੇਕਿੰਨ ਅੱਜ ਕਣਕ ਦਾ ਰੇਟ 1700 ਰੁਪਏ ਕੁਵਿੰਟਲ ਹੈ ਤਾ ਵੀ ਦੇਸ਼ ਦਾ ਕਿਸਾਨ ਕਰਜਦਾਰ ਹੈ ਅਤੇ ਆਤਮ ਹੱਤਿਆ ਕਰ ਰਿਹਾ ਹੈ।


ਇਸ ਕਿਤਾਬ ਦੇ ਮਾਧਿਅਮ ਨਾਲ ਅਸੀਂ ਕੋਸ਼ਿਸ਼ ਕੀਤੀ ਹੈ ਕਿ ਦੇਸ਼ ਦੇ ਕਿਸਾਨ ਦੀ ਆਰਥਿਕ ਦਸ਼ਾ ਸਥਿਤੀ ਨੂੰ ਜਨਤਾ ਦੇ ਸਾਹਮਣੇ ਲਿਆਇਆ ਜਾਵੇ ਜੋ ਕਿਸਾਨ ਅੰਦਰ ਖਾਕਰ ਜਿੰਦਾ ਹੈ। ਇਸ ਕਿਤਾਬ ਦਾ ਉਦੇਸ਼ ਹੈ ਕਿ ਭਾਰਤ ਦੀ ਸਧਾਰਣ ਜਨਤਾ ਦੀ ਮਨ ਦੀ ਗੱਲ ਸੁਣਾਉਣਾ ਹੈ। ਇਸ ਕਿਤਾਬ ਵਿਚ ਕਿਸਾਨ ਦੀ ਸਮੱਸਿਆਵਾਂ ਅਤੇ ਸਮਾਧਾਨ ਦੀ ਦਿਸ਼ਾ ਵਿੱਚ ਕੰਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਸੀ ਇਕ ਕਿਸਾਨ ਦੇ ਪਰਿਵਾਰ ਦੀ ਸਥਿਤੀ ਨੂੰ ਅਸੀ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਨਾ ਦੇ ਪਰਾਪਰਾਗਤ ਗਿਆਨ ਨੂੰ ਸਮੱਸਿਆਵਾ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ।

ਅਸੀ ਇਹ ਵੀ ਦਿਖਾਇਆ ਹੈ ਕਿ ਆਖਿਰ ਅਸੀਂ ਦੇਸ਼ ਦੇ ਕਿਸਾਨ ਅੰਦੋਲਨ ਦੇ ਰਾਹੀ ਦੇਸ਼ ਅਤੇ ਰਾਜਾ ਦੀਆ ਸਰਕਾਰਾ ਨੂੰ ਕਹਿਣਾ ਅਤੇ ਕੀ ਕਰਵਾਉਣਾ ਚਾਹੁੰਦਾ ਹੈ ? ਅਸੀ ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਇਸ ਕਿਤਾਬ ਦੇ ਰਾਹੀ ਇਹ ਸਾਰੇ ਅੰਦੋਲਨ ਦੀ ਗੱਲ ਜਨਤਾ ਤੱਕ ਪਹੁੰਚੇ। ਆਖਿਰ ਕਿਸਾਨ ਕਦੋ ਤੱਕ ਚੁੱਪ ਰਹੇਗਾ ਅਤੇ ਅੰਨਦਾਤਾ ਦੀ ਪੁਕਾਰ ਕਦੋ ਤੱਕ ਅਨਸੁਣੀ ਕੀਤੀ ਜਾਵੇਗੀ।

ਤਾਮਿਲਨਾਡੂ ਦੇ ਕਿਸਾਨ ਦਿੱਲੀ ਦੇ ਜੰਤਰ ਮੰਤਰ ਵਿਚ ਆਪਣੇ ਮਨ ਦੀ ਗੱਲ ਪ੍ਰਧਾਨਮੰਤਰੀ ਜੀ ਨੂੰ ਸੁਣਾਉਣ ਆਏ ਪਰੰਤੂ ਜਦੋ ਪ੍ਰਧਾਨਮੰਤਰੀ ਨਾ ਮਿਲੇ ਤਾ ਉਹ ਨਰਾਜ ਹੋ ਕੇ ਪ੍ਰਧਾਨਮੰਤਰੀ ਦੇ ਗੇਟ ਦੇ ਅੱਗੇ ਨੰਗਰ ਪ੍ਰਦਰਸਨ ਕਰਨ ਲੱਗੇ, ਉਹਨਾ ਦਾ ਅੰਦੋਲਨ ਰੋਜ ਨਵੇ ਮੋੜ ਲੈਦਾ ਗਿਆ, ਕਦੀ ਮਰੇ ਹੋਏ ਚੂਹੇ ਖਾ ਕੇ ਪ੍ਰਦਰਸਨ ਕਰਨਾ ਪਿਆ, ਕਦੀ ਅਰਥ ਮੁੜਨ ਕਰਨਾ ਪਿਆ ਤੇ ਕਦੀ ਮੱਲ ਮੂਤਰ ਪੀਣਾ ਪਿਆ। ਉਸਤੋ ਬਾਅਦ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਕਿਸਾਨਾ ਨੂੰ ਫ਼ਸਲ ਦੀ ਉਚਿਤ ਰੇਟ ਨਹੀਂ ਮਿਲਿਆ ਤਾ ਉਹਨਾ ਨੂੰ ਸੜਕ ਤੇ ਆਉਣਾ ਪਿਆ। ਫਸਲ, ਸਬਜੀ ਅਤੇ ਦੁੱਧ ਸਾਰੀਆ ਸੜਕ ਤੇ ਸੁੱਟ ਦਿੱਤੀਆ। ਮੱਧ ਪ੍ਰਦੇਸ਼ ਵਿੱਚ ਕਿਸਾਨਾ ਤੇ ਪੁਲਿਸ ਦੁਆਰਾ ਫਾਇਰਿੰਗ ਵੀ ਕੀਤੀ ਗਈ ਜਿਸ ਵਿਚ ਪੰਜ ਗਰੀਬ ਕਿਸਾਨ ਸਹੀਦ ਹੋ ਗਏ। ਮੱਧ ਪ੍ਰਦੇਸ਼ ਵਿੱਚ ਕਿਸਾਨ ਆਪਣੀ ਜਮੀਨ ਨੂੰ ਬਚਾਣ ਲਈ :ਜਲ ਸਤਹਗ੍ਰਹਿ ਕਰਦੇ ਵੇਖੇ ਗਏ ਇਸ ਤਰਾ ਹੀ ਰਾਜਸਥਾਨ ਦੇ ਨੀਦੜ ਵਿੱਚ ਕਿਸਾਨ ਆਪਣੀ ਜਮੀਨ ਨੂੰ ਬਚਾਣ ਦੇ ਲਈ ਜਮੀਨ ਵਿੱਚ ਖੱਡਾ ਪੁੱਟ ਕੇ (ਜਮੀਨ ਸਤਰਗ੍ਰਹਿ) ਕਰਦੇ ਦੇਖੇ ਗਏ।

ਪਿਛੱਲੇ 70ਸਾਲਾ ਵਿੱਚ ਕਿਸਾਨ ਦੇ ਨਾਮ ਤੇ ਕਿਸਾਨਾ ਦੀ ਕਰੋੜਾ ਏਕੜ ਜਮੀਨ, ਰੇਲਵੇ ਮਾਰਗ, ਹਸਪਤਾਲ, ਸਕੂਲ, ਕਾਲੇਜ, ਸਰਕਾਰੀ ਸੰਸਥਾਵਾ ਅਤੇ ਸਰਕਾਰੀ ਅਦਾਰਿਆਂ ਦੇ ਨਾਮ ਤੇ ਲਈ ਗਈ। ਪਰੰਤੂ ਹੁਣ ਸਾਡਾ ਕਿਸਾਨ ਜਾਗਰੂਕ ਹੋ ਕੇ ਸੜਕ ਤੇ ਆ ਰਿਹਾ ਹੈ। ਸਾਡਾ ਕਿਸਾਨ ਕਦੀ ਕੁਦਰਤੀ ਆਫਤਾ ਦਾ ਅਤੇ ਕਦੀ ਸਰਕਾਰੀ ਦੀਆ ਨੀਤਿਆ ਦਾ ਸ਼ਿਕਾਰ ਹੋ ਰਿਹਾ ਹੈ। ਇਹਨਾਂ ਸੱਭ ਗੱਲਾ ਨੂੰ ਧਿਆਨ ਵਿੱਚ ਰਖਕੇ ਕਿਸਾਨ ਦੇ ਵਿੱਚ ਜਾ ਕੇ ਅਸੀ ਕਿਤਾਬ ਨੂੰ ਲਿਖਣ ਦੀ ਕੋਸ਼ਿਸ਼ ਕੀਤੀ ਹੈ।



ਅਚਾਨਕ ਪਿੰਡ ਵਿਚ ਇਕ ਗੱਡੀ ਰੁੱਕਦੀ ਹੈ। ਪਿੰਡ ਦਾ ਇਕ ਕਿਸਾਨ ਆਪਣੇ ਘਰ ਦੇ
ਦਰਵਾਜੇ ਦੇ ਪਿਛੇ ਦੀ ਲੁਕ ਕੇ ਉਸ ਗੱਡੀ ਨੂੰ ਵੇਖਦਾ ਹੈ। ਉਹ ਇਹ ਸੋਚ ਕੇ ਡਰ ਜਾਦਾ ਹੈ
ਕਿ ਕੋਈ ਬੈਂਕ ਵਾਲਾ ਕਰਜੇ ਦੀ ਵਸੂਲੀ ਕਰਨ ਨੂੰ ਆਇਆ ਹੋਵੇਗਾ। ਉਹ ਕਿਸਾਨ ਵੀ ਬੈਕ ਦਾ ਕਰਜਦਾਰ ਹੈ।


ਗੱਡੀ ਤੋ ਨਿਕਲ ਕੇ ਇਕ ਵਿਅਕਤੀ ਉਸਦੇ ਘਰ ਦੇ ਵੱਲ ਨੂੰ ਆਉਦਾ ਹੈ
ਕਿਸਾਨ ਪੂਰੀ ਤਰ੍ਹਾਂ ਨਾਲ ਡਰ ਜਾਂਦਾ ਹੈ।


ਡਰੋ ਨਾ।
ਮੈਂ ਇੱਕ ਤੁਹਾਡੇ ਵਰਗਾ ਇਕ ਆਮ ਆਦਮੀ ਹਾਂ।
ਤੁਸੀ ਕੌਣ ਹੋ??


ਮੈ ਵੀ ਤੁਹਾਡੇ ਤਰਾ ਕਿਸਾਨ ਦਾ ਪੁੱਤਰ ਹਾ।
ਸ਼ਹਿਰ ਦੇ ਵਿਚ ਰਹਿ ਕੇ ਥੋੜਾ ਪੜ ਲਿਖ ਲਿਆ।
ਓਏ ਤੈਨੂੰ ਵੇਖ ਕੇ ਨਹੀਂ
ਲੱਗਦਾ ਤੂੰ ਕਿਸੇ ਜਿਮੀਦਾਰ ਦਾ ਪੁੱਤਰ ਹੈ।


ਕੀ ਮੈਂ ਕਿਸਾਨ ਨਹੀਂ ਹੋ ਸਕਦਾ ?
ਮਾਫ ਕਰੀ ਬਾਈ ਮੈਨੂੰ ਲੱਗਿਆ ਕਿ ਤੂੰ ਕਿਸੇ ਬੈਂਕ ਜਾ ਕਿਸੇ ਖਾਦ ਬੀਜ ਵਾਲੀ ਕੰਪਨੀ ਤੋ ਹੈ।


ਓਏ ਮੈਨੂੰ ਵੇਖ ਕੇ ਡਰਨ ਦੀ ਕੋਈ ਲੋੜ ਨਹੀਂ ਬਾਹਰ ਆ ਜਾ ਮੈਂ ਤੇਰੇ ਨਾਲ ਕੁਝ ਗੱਲਾ ਕਰਨਾ ਚਾਹੁੰਦਾ ਹਾਂ। ਅਤੇ ਤੁਹਾਡੀ ਤੇ ਦੂਜੇ ਕਿਸਾਨ ਦੀ ਹਾਲਤ ਨੂੰ ਸਮਝਣਾ ਚਾਹੁੰਦਾ ਹਾਂ।
ਕਿਸਾਨ ਕੁਝ ਸੋਚ ਕੇ ਬਾਹਰ ਆ ਜਾਂਦਾ ਹੈ।



ਕਿਸਾਨ ਦੀ ਹਾਲਤ ਨੂੰ ਵੇਖ ਕੇ ਦੁੱਖੀ ਹੋ ਜਾਦਾ ਹੈ ਕਿਉਕਿ ਉਸਦੇ ਸਰੀਰ ਤੇ ਢੰਗ ਨਾਲ ਕੱਪੜੇ ਵੀ ਨਹੀਂ ਅਤੇ ਪੈਰਾ ਤੋ ਵੀ ਨੰਗਾ ਹੈ।
ਕਿਸਾਨ ਹੱਥ ਜੋੜ ਕੇ ਖੜਾ ਹੋ ਜਾਦਾ ਹੈ ਅਤੇ ਕੋਲ ਪਈ ਚਾਰ ਪਾਈ ਮੰਜੇ ਤੇ ਬੈਠਣ ਲਈ ਕਹਿੰਦਾ ਹੈ।


ਪਰ ਉਹ ਕਿਸਾਨ ਦੇ ਨਾਲ ਹੇਠਾ ਹੀ ਬੈਠ ਜਾਦਾ ਹੈ ਜਿਸਦੇ ਨਾਲ ਕਿਸਾਨ ਨੂੰ ਆਪਣਾ ਪਣ ਮਹਿਸੂਸ ਹੋਵੇ। ਕਿਸਾਨ ਦਾ ਡਰ ਹੋਲੀ - ਹੋਲੀ ਖਤਮ ਹੋ ਜਾਦਾ ਹੈ।
ਦੱਸੋ ਤੁਸੀ ਮੈਨੂੰ ਵੇਖ ਕੇ ਕਿਉਂ ਡਰੇ ਸੀ ?
ਮੈਂ ਬੈਕ ਅਤੇ ਬੀਜ ਕੰਪਨੀਆ ਤੋ ਉਧਾਰ ਲਿਆ ਹੋਇਆ ਹੈ। ਮੈਨੂੰ ਲੱਗਿਆ ਕਿ ਤੁਸੀ ਮੇਰੇ ਤੋ ਕਰਜਾ ਵਸੂਲ ਕਰਨ ਲਈ ਆਏ ਇਸ ਲਈ ਮੈਂ ਡਰ ਗਿਆ ਸੀ।


ਪਰ ਬੈਕ ਤਾ ਕਿਸਾਨ ਦੇ ਫਾਇਦੇ ਲਈ ਹੁੰਦੇ ਨੇ ਅਤੇ ਬੀਜ ਖਾਦ ਵਾਲੀਆ ਕੰਪਨੀਆ ਵੀ ਕਿਸਾਨ ਨੂੰ ਫਾਇਦੇ ਪਹੁੰਚਾਉਣ ਵਾਸਤੇ ਹੁੰਦੀਆ ਹਨ ਮੈਂ ਤਾਂ ਇਸ ਤਰ੍ਹਾਂ ਸੁਣਿਆ ਸੀ।
ਲੱਗਦਾ ਹੈ ਸ਼ਹਿਰ ਦੇ ਪੜ੍ਹੇ ਲਿਖੇ ਲੋਕਾਂ ਨੂੰ ਸਾਡੀ ਹਾਲਤ ਬਾਰੇ ਕੋਈ ਅੰਦਾਜਾ ਨਹੀਂ ਤਾਂ ਹੀ ਤੁਸੀ ਇਹ ਕਹਿ ਰਹੇ ਹੋ।
ਅੱਜ ਕਲ ਖੇਤੀ ਦੇ ਵਿਚ ਖਰਚੇ ਵੱਧ ਗਏ ਹਨ ਉਤਪਾਦਨਾ ਦਾ ਸਹੀ ਮੁੱਲ ਵੀ ਨਹੀਂ ਮਿਲਦਾ ਸਾਡਾ ਉਸਤੇ ਜੋ ਖਰਚਾ ਹੁੰਦਾ ਹੈ ਉਹ ਵੀ ਪੂਰਾ ਨਹੀਂ ਹੁੰਦਾ ਜੇਕਰ ਫਸਲ ਦਾ ਨੁਕਸਾਨ ਹੋ ਜਾਵੇ ਤਾ ਉਹ ਅਲੱਗ ਰਹਿ ਜਾਦਾ ਹੈ।
ਇਹ ਤਾ ਬੜੀ ਸੋਚਣ ਵਾਲੀ ਗੱਲ ਹੈ। ਦੱਸੋ ਤੁਹਾਡਾ ਫਿਰ ਗੁਜਾਰਾ ਕਿਵੇ ਹੁੰਦਾ ਹੈ ?


ਜਨਾਬ ਕੀ ਦੱਸੀਏ ਖੇਤੀ ਦੇ ਖਰਚੇ ਇੰਨੇ ਵੱਧ ਗਏ ਨੇ
ਕਿ ਕਿਸਾਨ ਦੇ ਉਪਰ ਲੱਖਾ ਰੁਪਏ ਦੇ ਲੋਨ ਹਨ ਇਹ ਜਿਹੜਾ ਘਰ ਹੈ।
ਇਹ ਵੀ ਗਹਿਣੇ ਰੱਖਿਆ ਹੋਇਆ ਹੈ। ਆਏ ਦਿਨ ਬੈਂਕ ਵਾਲੇ ਆ ਕੇ ਸਾਨੂੰ
ਧਮਕਾ ਜਾਂਦੇ ਹਨ ਅਤੇ ਸਾਨੂੰ ਜਿਵੇ ਅੱਜ ਸਾਡਾ ਘਰ ਵੀ ਸਾਡੇ ਤੋ ਗਿਆ।
ਉਏ ਰੱਬਾ ਮੇਰਿਆ।


ਸਾਰੇ ਦੇਸ਼ ਦਾ ਪੇਟ ਭਰਨ ਵਾਲਾ ਅੰਨਦਾਤਾ ਅੱਜ ਕਿਵੇ ਕਰਜੇ ਵਿਚ ਡੁੱਬਿਆ ਹੋਇਆ ਹੈ,
ਇਹ ਤਾ ਸ਼ਹਿਰ ਵਾਲੇ ਲੋਕਾ ਨੂੰ ਕੁਝ ਪਤਾ ਹੀ ਨਹੀਂ।
ਤੁਸੀਂ ਇਕਲੇ ਇੰਨੇ ਕਰਜ ਦਾਰ ਹੋ
ਜਾ ਤੁਹਾਡੇ ਵਰਗੇ ਹੋਰ ਕਿਸਾਨ ਵੀ ?
ਇਹ ਸਾਰਾ ਪਿੰਡ ਕਰਜ ਦਾਰ ਹੈ
ਤੁਸੀਂ ਚੱਲ ਕੇ ਖੁਦ ਵੇਖ ਸਕਦੇ ਹੋ ?


ਉਸ ਕਿਸਾਨ ਦੇ ਨਾਲ ਜਾ ਕੇ ਹੋਰ ਲੋਕਾ ਨਾਲ ਮਿਲਦਾ ਹੈ ਅਤੇ ਉਹਨਾਂ ਦੀ ਹਾਲਤ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।
ਤੁਹਾਡੇ ਇਲਾਕੇ ਦੇ ਮੰਤਰੀ ਤੇ ਨੇਤਾ ਤੁਹਾਡੀ ਮਦਦ ਕਰਨ ਲਈ ਨਹੀਂ ਆਉਦੇ?
ਸਾਹਿਬ ਮੰਤਰੀ ਤਾ 5 ਸਾਲਾ ਤੋ ਬਾਅਦ ਇਕ ਵਾਰੀ ਆਉਦੇ ਹਨ ਜਦੋ ਉਹਨਾ ਨੇ ਵੋਟ ਮੰਗਣੀ ਹੋਵੇ ਤਾ।
ਸੰਸਦ ਅਤੇ ਵਿਧਾਨ ਸਭਾ ਤਾ ਸਾਲ ਦੇ 90 ਦਿਨ ਹੀ ਚਲਦੀ ਹੈ। ਤਾ ਬਚੇ ਹੋਏ 275 ਦਿਨਾ ਦੇ ਵਿਚ ਮੰਤਰੀ ਲੋਕ ਕੀ ਕਰਦੇ ਹਨ।
ਪਿਛਲੀ ਚੋਣਾ ਦੇ ਵਿੱਚ ਮੰਤਰੀ ਜੀ ਸੜਕ ਤੇ ਬਿਜਲੀ ਦਾ ਵਾਧਾ ਕਰਕੇ ਗਏ ਸੀ 4 ਸਾਲ ਹੋਣ ਨੂੰ ਆ ਗਏ ਨਾ ਤਾ ਕੋਈ ਸੁਵਿਧਾਵਾ ਆਈਆ ਤੇ ਨਹੀਂ ਮੰਤਰੀ ਜੀ ਆਏ।


ਉਹ ਬੰਦਾ ਵਾਪਸ ਸ਼ਹਿਰ ਨੂੰ ਵਾਪਸ ਚਲਾ ਜਾਦਾ ਹੈ।
ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਪਰ ਤਰੱਕੀ ਦੀ ਤੋੜ ਦੇ ਵਿਚ ਅੰਧਾ ਧੁੰਦ ਹੋ ਕੇ ਉਸਨੇ ਕਿਸਾਨਾ ਅਤੇ ਪਿੰਡਾ ਨੂੰ ਪਿਛੇ ਛੱਡ ਦਿੱਤਾ।


ਇਹ ਹਾਲਤ ਨੂੰ ਵੇਖ ਕੇ ਸਾਡੀਆ ਵੀ ਕੁਝ ਜਿੰਮੇਵਾਰੀਆ ਹਨ ਕੁਝ ਨਾ ਕੁਝ ਤਾਂ ਕਰਨਾ ਹੀ ਪਵੇਗਾ।


ਪਿੰਡ ਤੋ ਵਾਪਸ ਆ ਕੇ ਉਹ ਸਿੱਧਾ ਮੰਤਰੀ ਦੇ ਕੋਲ ਜਾਂਦਾ ਹੈ।
ਨਮਸ਼ਕਾਰ ਮੰਤਰੀ ਜੀ
ਜੀ ਨਮਸ਼ਕਾਰ,



ਕੀ ਤੁਹਾਨੂੰ ਤੁਹਾਡੇ ਇਲਾਕੇ ਦੇ ਕਿਸਾਨਾ ਦੀ ਸਹੀ ਜਾਣਕਾਰੀ ਹੈ।
ਜੀ ਪਤਾ ਹੈ। ਤਾਂ ਹੀ ਤਾ ਅਸੀਂ ਕੰਮ ਕਰ ਰਹੇ ਹਾ।
ਕਿਹੋ ਜਹੇ ਕੰਮ
ਕਰ ਰਹੇ ਹੋ? ਅਸੀ ਕਿਸਾਨ ਦੀ ਆਮਦਨ ਦੁਗਣੀ ਕਰ ਰਹੇ ਹਾ।
ਪਰ ਖੇਤੀ ਦੇ ਵਿਚ ਕਿਸਾਨ ਦੇ ਖਰਚੇ ਵੱਧੀ ਜਾਦੇ ਹਨ ਜੇ ਆਮਦਨ ਵੱਧ ਵੀ ਜਾਵੇਗੀ ਤਾਂ ਉਸਦਾ ਫਾਇਦਾ ਕਿਸਾਨ ਨੂੰ ਨਹੀਂ ਬਲਕਿ ਖੇਤੀ ਦੇ ਵਿਚ ਵਰਤਣ ਵਾਲੀਆ ਕੰਪਨੀਆ ਨੂੰ ਜਿਆਦਾ ਹੋਵੇਗਾ।
ਅਸੀਂ ਕਿਸਾਨਾ ਦੀ ਫਸਲ ਨੂੰ ਨਿਰਧਾਰਿਤ ਮੁੱਲਾ ਤੇ ਖਰੀਦੇ ਹਾ।


ਪਰ ਨਿਰਧਾਰਿਤ ਮੁੱਲਾ ਤੇ ਤਾਂ ਕੇਵਲ 22 ਫਸਲਾਂ ਹੀ ਹਨ ਪਰ ਸਰਕਾਰੀ ਅੰਕੜੇ ਦੱਸਦੇ ਹਨ ਕਿ 6 ਪ੍ਰਤੀਸਤ ਤੋ ਵੱਧ ਕਿਸਾਨਾ ਦੀ ਨਿਰਧਾਰਿਤ ਮੁੱਲ ਫਾਇਦਾ ਨਹੀਂ ਮਿਲਦਾ।
ਕਿਸਾਨਾ ਨੂੰ ਚੰਗੀ ਜਿੰਦਗੀ ਜੀਣ ਵਾਸਤੇ ਅਸੀ ਉਹਨਾ ਦੇ ਬੈਕ ਵਿਚ ਖਾਤੇ ਖੁਲ੍ਹਵਾਏ ਹਨ ਰਸੋਈ ਗੈਸ ਸਿਲੰਡਰ ਦਿਤੇ ਹਨ, ਸੋਚਾਲਿਆ ਬਣਾਏ ਹਨ ਹੋਰ ਤਾ ਹੋਰ ਡਿਜੀਟਲ ਇੰਡੀਆ ਮੋਬਾਇਲ ਅਤੇ ਡਾਟਾ ਕਨੈਕਸਨ ਵੀ ਦੇ ਰਹੇ ਹਾ।


ਉਹ ਰੱਬਾ ਇਸਦੇ ਨਾਲ ਤਾ ਤੁਸੀ ਕਿਸਾਨ ਦਾ ਖਰਚਾ ਵਧਾ ਦਿਤਾ ਉਸਦੇ ਕੋਲ ਤੰਨ ਢੱਕਣ ਲਈ ਕੱਪੜਾ ਨਹੀ ਹੈ ਤਾ ਉਹ ਬੈਕ ਖਾਤੇ ਦਾ ਕੀ ਕਰੂ ਅਗਰ ਉਸਦੇ ਕੋਲ ਗੈਸ ਭਰਾਉਣ ਲਈ ਪੈਸੇ ਨਹੀਂ ਤਾ ਉਹ ਗੈਸ ਕੁਨੈਕਸਨ ਲੈ ਕੇ ਕੀ ਕਰੁਗਾ ਤੁਸੀ ਉਹਨਾ ਦੀ ਜੀਵਨ ਚੰਗਾ ਕਰਨ ਲਈ ਬਜਾਰ ਦਾ ਸੋਦਾ ਖਰੀਦਣ ਵਾਲਾ ਗਾਹਕ ਬਣਾ ਕੇ ਰੱਖ ਤਾ।


ਕਿਸਾਨ ਨੂੰ ਤਾਂ ਮੌਸਮ ਦੀ ਮਾਰ ਝਲਣੀ ਪੈਦੀ ਹੈ। ਬੇਮੌਸਮ ਬਰਸਾਤ, ਸੋਕਾ, ਡੋਬਾ, ਗੜੇ ਆਦੀ ਨਾਲ ਫਸਲ ਖਰਾਬ ਹੋ ਜਾਦੀ ਹੈ।
ਹਾਂ ਸਹੀ ਕਿਹਾ ਤੁਸੀ ਇਸ ਲਈ ਤਾਂ ਅਸੀਂ ਫਸਲ ਬੀਮਾ ਯੋਜਨਾ ਲੈ ਕੇ ਆਏ ਹਾ।
ਪਰੰਤੂ ਮੰਤਰੀ ਜੀ, ਫਸਲ ਬੀਮੇ ਦਾ ਫਾਇਦਾ ਕਿਸਾਨਾ ਨੂੰ ਮਿਲ ਕਿਥੇ ਰਿਹਾ ਹੈ। ਬੀਮਾ ਕੰਪਨੀ ਜੇਕਰ 100 ਰੁਪਏ ਕਿਸਤ ਲੈ ਰਹੀ ਹੈ ਤਾਂ ਕੇਵਲ 6 ਰੁਪਏ ਹੀ ਕਿਸਾਨਾ ਨੂੰ ਭੁਗਤਾਨ ਕਰ ਰਹੀ ਹੈ। ਕਿਸਾਨਾ ਨੂੰ ਮੁਆਵਜਾ ਦੇਣ ਦੀ ਬਜਾਏੈ ਆਪਣੀ ਜੇਬ ਭਰ ਰਹੀ ਹੈ।
ਅਸੀ ਹਾਈਬ੍ਰਿਡ ਬੀਜ ਲੈ ਕੇ ਆ ਰਹੇ ਹਾਂ ਇਸ ਨਾਲ ਉਤਪਾਦਨ ਵੀ ਵੱਧ ਜਾਊਗਾ ਤੇ ਫਾਇਦਾ ਵੀ।
ਪਰ ਉਤਪਾਦਨ ਤਾ ਪਿਛੱਲੇ 30 ਸਾਲਾਂ ਤੋ ਕਾਫੀ ਵੱਧਿਆ ਹੈ ਤਾ ਫਿਰ ਵੀ ਤੁਸੀ ਦੱਸੋ ਕਿ ਪਿਛੱਲੇ 15 ਸਾਲਾ ਵਿਚ 3 ਲੱਖ ਕਿਸਾਨਾ ਨੇ ਆਤਮ ਹੱਤਿਆ ਕਿਉ ਕੀਤੀ ?
ਮੰਤਰੀ ਜੀ ਚੁਪ ਹੋ ਜਾਂਦੇ ਹਨ।


ਪਰ ਖੇਤੀ ਵਿਚ ਉਤਪਾਦਨ ਵਧੱਣ ਤੇ ਕਿਸਾਨ ਨੂੰ ਨਹੀਂ ਬਲਕਿ ਅਮੀਰ ਲੋਕਾ ਨੂੰ ਜਿਆਦਾ ਫਾਇਦਾ ਹੈ।
ਇਹ ਲਓ
ਮੈਂ ਤੁਹਾਡੇ ਕੁਝ ਅੰਕੜੇ ਲੈ ਕੇ ਆਇਆ ਹਾਂ
ਜਿਸ ਨਾਲ ਇਹ ਸਾਫ ਹੋ ਜਾਵੇਗਾ ਕਿ ਅੱਜ ਦੀ
ਬਜਾਰ ਵਿਆਸਥਾ ਕਿਸਾਨ ਨੂੰ ਲੁੱਟ ਪਰ ਟਿਕੀ ਹੈ।
ਸਾਲ 1967 ਵਿਚ ਕਣਕ ਦਾ ਰੇਟ 76 ਰੁਪਏ ਕੁਵਿੰਟਲ ਸੀ
ਜਦੋ ਕਿ ਸੋਨੇ ਦਾ ਰੇਟ 190 ਰੁਪਏ ਤੋਲਾ ਸੀ।
ਉਸ ਸਮੇ 2.5 ਕੁਇੰਟਲ ਕਣਕ ਵਿਚੋ ਇਕ ਤੋਲਾ
ਸੋਨਾ ਖਰੀਦ ਸਕਦੇ ਸੀ ਪਰ ਅੱਜ
ਇਕ ਤੋਲਾ ਸੋਨਾ ਖਰੀਦਣ ਲਈ
20 ਕੁਵਿੰਟਲ ਕਣਕ ਵੀ ਥੋੜੀ ਰਹਿ ਜਾਦੀ ਹੈ।


ਪਿਛਲੇ 50 ਸਾਲਾ ਵਿਚ ਕਣਕ ਦੇ ਮੁਕਾਬਲੇ ਬਾਕੀ ਚੀਜਾ ਦੀ
ਕੀਮਤਾ ਕਈ ਗੁੱਣਾ ਵੱਧ ਗਈ ਹੈ। ਥੱਲੇ ਦਸੀ ਗਈ
ਸਾਰਣੀ ਵਿਚ 1 ਕੁਇੰਟਲ ਕਣਕ ਦੀ ਕੀਮਤ ਦੇ ਮੁਕਾਬਲੇ ਡੀਜਲ,
ਇੱਟ ਅਤੇ ਸੀਮੇਂਟ ਨਾਲ ਕੀਤੀ ਹੈ।
1967 ਵਿੱਚ
2017 ਵਿੱਚ
1ਕੁਇੰਟਲ ਕਣਕ - 200 ਲੀਟਰ ਡੀਜਲ 30 ਲੀਟਰ ਡੀਜਲ
1ਕੁਇੰਟਲ ਕਣਕ - 3000 ਨਗ ਇੱਟ 340 ਨੱਗ ਇੱਟ
1ਕੁਇੰਟਲ ਕਣਕ - 15 ਬੋਰੀ ਸੀਮੇਂਟ 5 ਬੋਰੀ ਸੀਮੇਂਟ
1967 ਵਿਚ ਸਰਕਾਰੀ ਮਾਸਟਰ ਦੀ ਤਨਖਾਹ 70 ਰੁਪਏ ਸੀ ਅਤੇ ਅੱਜ
40,000 ਰੁਪਏ ਹੈ। ਉਦੋ ਸਰਕਾਰੀ ਮਾਸਟਰ ਆਪਣੇ ਮਹੀਨੇ ਭਰ ਦੀ
ਤਨਖਾਹ ਨਾਲ ਇਕ ਕਇੰਟਲ ਕਣਕ ਵੀ ਨਹੀਂ ਖਰੀਦ ਸਕਦਾ ਸੀ।
ਪਰ ਅੱਜ ਉਹ 22 ਕੁਇੰਟਲ ਕਣਕ ਪ੍ਰਤੀਮਹੀਨਾ ਖਰੀਦ ਸਕਦਾ ਹੈ।


ਅਸੀ - ਅਸੀਂ ਕਿਸਾਨ ਸਮਰਿਧ ਅਯੋਗ ਬਣਾਇਆ ਹੈ। ਜਲਦੀ ਹੀ ਉਹ ਆਯੋਗ ਸਾਨੂੰ ਸੁਝਾਵ ਦੇਵੇਗਾ। ਇਸ ਵਿਚ ਕਿਸਾਨ ਅਤੇ ਕਿਸਾਨ ਸੰਗਠਨ ਦੋਨਾਂ ਨੂੰ ਅਸੀ ਸਾਮਿਲ ਕੀਤਾ ਹੈ।


ਕੀ ਸਵਾਮੀ ਨਾਥਨ ਆਯੋਗ ਤੋ ਵੀ ਵੱਡਾ ਕੋਈ ਆਯੋਗ ਬਣ ਸਕਦਾ ਹੈ ? ਪਹਿਲਾ ਉਸ ਨੂੰ ਤਾ ਲਾਗੂ ਕਰੋ। ਰਹੀ ਗੱਲ ਸੁਜਾਵ ਦੀ ਉਹ ਕਿਸਾਨ ਅਤੇ ਕਿਸਾਨ ਸੰਗਠਣ ਦੁਆਰਾ ਤੁਹਾਨੂੰ ਮਿਲਦੇ ਰਹਿਣਗੇ।
ਅੱਛਾ ਚੱਲਦਾ ਹਾ ਨਮਸਕਾਰ।


ਮੰਤਰੀ ਜੀ ਨੂੰ ਮਿਲਣ ਤੋ ਬਾਅਦ ਉਹ ਵਿਅਕਤੀ ਕਿਸਾਨ ਸੰਗਠਨ ਨਾਲ ਮਿਲਣ ਜਾਦਾ ਹੈ।
ਨਮਸਕਾਰ
ਜੀ ਨਮਸਕਾਰ
ਜੀ ਨਮਸਕਾਰ
ਤੁਸੀ ਕਿਸਾਨ ਅਤੇ ਖੇਤੀ ਦੀ ਸਮਸਿਆ ਤੋ ਨਿਪਟਣ ਦੇ ਲਈ ਕਿਵੇ ਸੰਘਰਸ ਕਰਦੇ ਹੋ ?
ਅੰਦੋਲਨਾ ਦੇ ਦੁਆਰਾ
ਕੀ ਅੰਦੋਲਨਾ ਨਾਲ ਕਿਸਾਨਾ ਨੂੰ ਕੋਈ ਫਾਇਦਾ ਪਹੁੰਚਿਆ ਹੈ ?
ਮੇਹਨਤ ਜਾਰੀ ਹੈ ਪਰ ਨਤੀਜਾ ਸੰਤੋਸ਼ਜਨਕ ਨਹੀ ਹੈ।



ਦੇਖੀਏ, ਅੰਦੋਲਨ ਦੇ ਮਾਧਿਅਮ ਨਾਲ ਸਿਰਫ ਵਿਰੋਧ ਦਰਜ ਹੁੰਦਾ ਹੈ, ਸਾਨੂੰ ਵਿਵਸਥਾ ਪਰਿਵਰਤਨ ਦੇ ਲਈ ਜਾਗਰੂਕਤਾ ਅਭਿਆਨ ਚਲਾਣਾ ਚਾਹੀਦਾ ਹੈ ਤਾਕਿ ਜ਼ਿਆਦਾ ਤੋ ਜ਼ਿਆਦਾ ਲੋਕ ਸਾਡੇ ਨਾਲ ਜੁੜ ਸਕਣ।
ਹਾਂ ਇਹ ਸਹੀ ਕਿਹਾ ਤੁਸੀ। ਅਸੀ ਤੁਹਾਡੇ ਨਾਲ ਹਾ।



ਅੱਛਾ ਮੰਤਰੀ ਜੀ ਨੇ ਦੱਸਿਆ ਕਿ ਤੁਹਾਡੇ ਵਿਚੋ ਕੋਈ ਲੋਕ ਕਿਸਾਨ ਆਯੋਗ ਦੇ ਵੀ ਮੈਬਰ ਹਨ। ਇਸ ਦੇ ਬਾਰੇ ਵਿਚ ਤੁਸੀ ਕੀ ਕਰ ਰਹੇ ਹੋ।
ਹੁਣ ਤੱਕ ਤੁਸੀ ਅਖਬਾਰ ਦੁਆਰਾ ਆਪਣੀ ਗੱਲ ਬਾਤ ਸਰਕਾਰ ਤੱਕ ਪਹੁੰਚਾਉਦੇ ਸੀ ਪਰ ਹੁਣ ਅਸੀ ਆਯੋਗ ਦੇ ਮੈਬਰ ਹੋਣ ਦੇ ਨਾਤੇ ਆਪਣੇ ਪੱਖ ਸੀਦੇ ਸਰਕਾਰ ਦੇ ਸਾਹਮਣੇ ਰਖਾਗੇ। ਉਮੀਦ ਹੈ ਸਰਕਾਰ ਸਾਡੇ ਸੁਝਾਵਾ ਨੂੰ ਸਮਝ ਲਉਗੀ।
ਜੀ ਧੰਨਵਾਦ।


ਉਹ ਵਿਅਕਤੀ ਸ਼ਹਿਰ ਦੇ ਕੋਈ ਜਾਗਰੂਕ ਵਿਅਕਤੀਆ ਦੇ ਨਾਲ ਕਿਸਾਨਾ ਦੀ ਸਮਸਿਆ ਦੀ ਉਪਰ ਤੱਕ ਬੈਠਕ ਕਰਦਾ ਹੈ।
ਤੁਹਾਨੂੰ ਆਪਣੇ ਦੇਸ਼ ਦੇ 6 ਲੱਖ ਪਿੰਡਾ ਵਿਚ ਰਹਿ ਰਹੇ ਕਿਸਾਨਾ ਦੀ ਸਥਿਤੀ ਦੇ ਬਾਰੇ ਵਿਚ ਪਤਾ ਹੈ ?
ਯਾਰ ਸੁਣਿਆ ਤਾਂ ਹੈ ਕਿ ਸਥਿਤੀ ਬਹੁਤ ਖਰਾਬ ਹੈ ਹਰ ਇਕ ਦਿਨ ਕਿਸਾਨਾ ਦੇ ਅੰਦੋਲਨ ਅਤੇ ਪ੍ਰਦਰਸ਼ਨ ਹੋ ਰਹੇ ਹਨ।


ਮੈ ਦਿੱਲੀ ਵਿਚ ਕਿਸਾਨਾ ਨੂੰ ਆਪਣਾ ਪਿਸ਼ਾਬ ਪੀ ਕੇ ਅਤੇ ਘਾਹ ਅਤੇ ਚੂਹਾ ਖਾਦੇ ਪ੍ਰਦਰਨਸ਼ਨ ਕਰਦੇ ਹੋਏ ਦੇਖਿਆ ਸੀ।


ਕੋਈ ਕਿਸਾਨ ਪ੍ਰਦਰਸਨ ਦੇ ਦੌਰਾਨ ਪੁਲਿਸ ਫਾਈਰਿੰਗ ਵਿਚ ਗੋਲੀ ਖਾ ਕੇ ਮਰ ਗਏ ਸੀ, ਇਹੋ ਜਿਹਾ ਮੈ ਇਕ ਵਾਰੀ ਅਖਬਾਰ ਵਿਚ ਦੇਖਿਆ ਸੀ।



ਮੈ ਵੀ ਇੰਟਰਨੈਟ ਤੇ ਦੇਖਿਆ ਸੀ ਕਿਸਾਨ ਆਪਣੀ ਜਮੀਨ ਬਚਾਣ ਲਈ ਪਾਣੀ ਵਿਚ ਰਹਿ ਕੇ ਪਾਣੀ ਸਤਿਗ੍ਰਹ ਕਰ ਰਿਹਾ ਹੈ।


ਹਾ ਮੈ ਟੀ.ਵੀ. ਵਿੱਚ ਵੀ ਦੇਖਿਆ ਕਿ ਰਾਜਸਥਾਨ ਦੇ ਲੋੱਕ ਜਮੀਨ ਬਚਾਉਣ ਲਈ ਜਮੀਨ ਸਤਿਗ੍ਰਹ ਕਰ ਰਹੇ ਸੀ।


ਤੇ ਮੈ ਵੀ ਆਪਣੀਆ ਅੱਖਾ ਨਾਲ ਮਹਾਰਾਸਟਰ ਅਤੇ ਮੱਧਪ੍ਰਦੇਸ਼ ਦੇ ਕਿਸਾਨਾ ਨੂੰ ਸੜਕ ਤੇ ਟਮਾਟਰ, ਆਲੂ, ਪਿਆਜ ਅਤੇ ਦੁੱਧ ਨੂੰ ਸੁੱਟਦੇ ਹੋਏ ਦੇਖਿਆ ਸੀ।


ਤਾਂ ਇਸ ਨਾਲ ਇਕ ਗੱਲ ਸਾਫ ਹੋ ਜਾਂਦੀ ਹੈ ਕਿ ਆਪਣੇ ਜਾਗਰੂਕਤਾ ਅਭਿਆਨ ਵਿਚ ਸਾਨੂੰ ਮੀਡਿਆ ਦਾ ਵੀ ਸਹਿਯੋਗ ਲੈਣਾ ਚਾਹੀਦਾ ਸਾਨੂੰ ਸਾਰਿਆ ਨੂੰ ਮਿਲ ਕੇ ਕੁਝ ਕਰਨਾ ਚਾਹੀਦਾ ਹੈ।
ਅਸੀ ਕੀ ਕਰਾਗੇ ਕੀ ਅਸੀ ਅੰਦੋਲਨ ਕਰਾਗੇ ?
ਅਸੀਂ ਕੀ ਕਰਾਂਗੇ..... ਕੀ ਅਸੀਂ ਅੰਦੋਲਨ ਕਰਾਂਗੇ?


ਅਸੀ ਜਾਗਰੂਕਤਾ ਅਭਿਆਨ ਚਲਾਵਾਗੇ ਕਿਉਕਿ ਅੰਦੋਲਨ ਤਾ ਕਿਸਾਨ ਸੰਗਠਨ ਵੀ ਕਰ ਰਿਹਾ ਹੈ ਪਰ ਉਸਦਾ ਨਤੀਜਾ ਕਾਮਯਾਬ ਨਹੀ ਹੈ।
ਹਾਂ ਅਸੀ ਮਿਲਕੇ ਕਿਸਾਨਾ ਦੇ ਵਿਚ ਜਾਵਾਗੇ ਅਤੇ ਉਹਨਾ ਨੂੰ ਜਾਗਰੂਕ ਕਰਾਗੇ ਅਸੀ ਲੋਕਾ ਨਾਲ ਸੀਦਾ ਸਪਰਕ ਕਰਾਗੇ ਅਤੇ ਉਹਨਾ ਅੰਨਦਾਤਾ ਦਾ ਮਹੱਤਵ ਸਮਝਾਵਗੇ ਅਤੇ ਕਿਸਾਨਾਂ ਨਾਂਲ ਸਿੱਧਾ ਖਰੀਦਦਾਰੀ ਕਰਨ ਦਾ ਕਹਾਗੇ।
ਠੀਕ ਹੈ।


ਮੈ ਸੁਣਿਆ ਹੈ ਕਿ ਸਰਕਾਰ 2022 ਤੱਕ ਕਿਸਾਨਾ ਦੀ ਆਮਦਨ ਦੋਗੁਣਾ ਕਰ ਰਹੀ ਹੈ।
ਮੈ ਇਸ ਵਿਸੇ ਵਿਚ ਮੰਤਰੀ ਜੀ ਨਾਲ ਮਿਲਿਆ ਸੀ। ਆਮਦਨ ਦਾ ਤਾ ਨਹੀ ਪਤਾ ਪਰ ਖਰਚਾ ਜਰੂਰ ਦੋਗੂਣਾ ਹੋ ਜਾਵੇਗਾ।


ਉਹ ਕਿਵੇ?
ਹਾਈਬ੍ਰਿਡ ਬੀਜ, ਰਸਾਇਣਿਕ ਦਵਾਈਆ, ਫਸਲ ਬੀਮਾ ਯੋਜਨਾ, ਸਾਇਲ ਹੇਲਥ ਕਾਰਡ ਅਤੇ ਭਾਵੰਤਰ ਯੋਜਨਾ ਇਹਨਾ ਸਾਰਿਆ ਨਾਲ ਤਾ ਕਿਸਾਨਾ ਦਾ ਖਰਚਾ ਹੀ ਵੱਧੂਗਾ ਹੋਰ ਕੀ।


ਜਦੋ ਖਰਚਾ ਹੀ ਵਧੂੱਗਾ ਤਾ
ਆਮਦਨ ਦੋਗੁਣਾ ਕਿਵੇ ਹੋਵੇਗੀ।
ਸਾਇਦ ਸਾਡੀ ਸਰਕਾਰ ਕਿਸਾਨਾ ਨੂੰ ਗ੍ਰਾਹਕ
ਅਤੇ ਉਪਭੋਗਤਾ ਬਣਾਉਣੀ ਚਾਹੁੰਦੀ ਹੈ
ਜਿਸ ਨਾਲ ਅਮੀਰਾ ਦਾ ਫਾਇਦਾ ਮਿਲੇ ਅਤੇ ਦੇਸ਼ ਦੀ ਜੀ.ਡੀ.ਪੀ ਵਧੇ।
ਇਸ ਨਾਲ ਜੀ.ਡੀ.ਪੀ. ਕਿਸੇ ਵਧੂਗੀ?



ਜਦੋ ਕਿਸਾਨ ਦਾ ਖਰਚ ਵਧੂਗਾ ਤਾ ਅਰਥ ਵਿਵਸਥਾ ਵਧੂਗੀ
ਅਤੇ ਅਰਥਵਿਵਸਥਾ ਵਧੂਗੀਤਾ ਦੇਸ ਦੀ ਜੀ.ਡੀ.ਪੀ ਵਧੂਗੀ।
ਹੁਣ ਸਮਝ ਵਿਚ ਆਇਆ ਕਿ ਸਰਕਾਰ ਕਿਸਾਨਾ ਨੂੰ
ਗ੍ਰਾਹਕ ਅਤੇ ਉਪਭੋਗਤਾ ਕਿਉ ਬਣਾ ਰਹੀ ਹੈ ।
ਠੀਕ ਹੈ ਅਸੀ ਸਾਰੇ ਇਸ ਅਭਿਆਨ ਵਿਚ ਸਾਮਿਲ ਹਾ।


ਸਾਰਿਆ ਤੋ ਪਹਿਲਾ ਸਾਨੂੰ ਕਿਸਾਨਾ ਦੇ
ਖਰਚੇ ਘੱਟ ਕਰਨ ਦੇ ਉਪਾ ਲਭਣੇ ਹੋਣਗੇ ?
ਉਹ ਕਿਵੇ ?


ਸਰਕਾਰ ਬਜਟ ਵਿਚ ਹਰ ਸਾਲ ਕਿਸਾਨਾ ਨੂੰ
10 ਲੱਖ ਕਰੋੜ ਮੁਆਵਜਾ ਦਿੰਦੀ ਹੈ ਜੋ ਕਿਸਾਨਾ ਤੱਕ
ਨਹੀ ਪਹੁੰਚਦਾ। ਅਸੀ ਕਿਸਾਨਾ ਨੂੰ ਜਾਗਰੂਕ ਕਰਕੇ
ਉਸ ਮੁਆਵਜੇ ਨਾਲ ਪਿੰਡ - ਪਿੰਡ ਵਿਚ ਕੁਟੀਰ ਉਦਯੋਗ
ਲਗਾਵਾਂਗੇ ਅਤੇ ਕਿਸਾਨਾ ਦੀ ਆਮਦਨ ਖੇਤੀ ਦੇ
ਨਾਲ ਨਾਲ ਕਈ ਚੀਜਾ ਨਾਲ ਵਧਾਵਾਂਗੇ।
ਸਿੱਖਿਆ, ਸਿਹਤ ਅਤੇ ਕੋਈ ਹੋਰ ਜੋ
ਅੱਜ ਵਪਾਰ ਬਣ ਗਈ ਹੈ- ਸਾਰੇ ਨੂੰ ਸੇਵਾ ਬਣਾਉਣਾ ਹੋਵੇਗਾ
ਇਸ ਨਾਲ ਕਿਸਾਨਾ ਦਾ ਕਾਫੀ ਪੈਸੇ ਖਰਚ ਹੋਣਗੇ।


ਇਸਦੇ ਲਈ ਤਾ ਕਿਸਾਨਾ ਦੇ ਵਿਚ ਜਾਣਾ ਹੀ ਹੋਵੇਗਾ ਕਿਉਕਿ ਕਿਸਾਨ ਬਚੇਗਾ ਤਾ ਦੇਸ਼ ਬਚੇਗਾ।
ਇਹ ਠੀਕ ਹੈ। ਇਥੇ ਹੀ ਅਸੀ ਆਪਣੀ ਸੁਰੂਆਤ ਕਰਾਗੇ ਬਾਕੀ ਨੀਤਿਆ ਕਿਸਾਨਾ ਦੇ ਵਿਚ ਬੈਠਕੇ ਬਣਾਵਗੇ।


ਚਲੋ ਚਲੀਏ ਪਿੰਡ ਦੇ ਵੱਲ
ਸਾਰੇ ਵਿਅਕਤੀ ਪਿੰਡ ਵੱਲ ਚਲ ਪੈਦੇ ਹਨ। ਉਹਨਾ ਦਾ ਉਦੇਸ਼ ਇਹ ਜਾਣਨਾ ਹੈ ਕਿ ਕਿਸਾਨਾ ਦੇ ਖਰਚੇ ਕਿਥੇ - ਕਿਥੇ ਹੋ ਰਹੇ ਹਨ ਅਤੇ ਉਹਨਾ ਨੂੰ ਘੱਟ ਕਰਨ ਦੇ ਤਰੀਕ ਕੀ ਹਨ।


ਪਿੰਡ ਦੀ ਸੱਥ ਵਿਚ ਲੋਕ ਕਿਸਾਨਾ ਦੀ ਪੰਚਾਇਤ ਲਈ ਇਕੱਠੇ ਹੁੰਦੇ ਹਨ ਸਾਰੇ ਕਿਸਾਨ ਇਸ ਗੱਲ ਤੋ ਖੁਸ ਹੈ ਕਿ ਪਹਿਲੀ ਵਾਰੀ ਕੋਈ ਉਹਨਾ ਨਾਲ ਗੱਲਬਾਤ ਕਰਨ ਲਈ ਆਇਆ ਹੈ ਅਤੇ ਉਹਨਾ ਦੀ ਸਮੱਸਿਆਵਾ ਨੂੰ ਸਮਝ ਕੇ ਉਹਨਾ ਦਾ ਹੱਲ ਕੱਢਣਾ ਚਾਹੁੰਦਾ ਹੈ।


ਅਸੀ ਤੁਹਾਡੇ ਖਰਚੇ ਦੇ ਬਾਰੇ ਵਿਚ ਜਾਨਣਾ ਚਾਹੁੰਦੇ ਹਾ, ਜਿਸ ਨਾਲ ਅਸੀ ਸਾਰੇ ਮਿਲਕੇ ਇਥੇ ਹੀ ਉਹਨਾ ਦਾ ਹੱਲ ਕੱਢ ਸਕੀਏ।
ਸਾਹਿਬ ਖਰਚਾ ਤਾ ਉਹ ਕਰਦਾ ਹੈ, ਜਿਸ ਦੇ ਕੋਲ ਪੈਸਾ ਹੋਵੇਗਾ ਅਸੀ ਤਾ ਜਬਰਦਸਤੀ ਖਰਚਾ ਵਧਾਇਆ ਜਾ ਰਿਹਾ ਹੈ। ਜਿਵੇ ਕਿ ਖਾਦ ਸਬਸਿਡੀ ਖਾਤੇ ਵਿਚ, ਗੈਸ ਸਿੰਲਡਰ ਖਾਤੇ ਵਿਚ, ਬੀਮਾ ਯੋਜਨਾ ਖਾਤੇ ਵਿਚ, ਹੁਣ ਕੀ - ਕੀ ਦਸੀਏ ਤੁਹਾਨੂੰ।
ਪ੍ਰਾਕਿਰਤੀਕ ਆਪਦਾਵਾ ਦੇ ਕਾਰਣ ਸਾਡੀ ਪੱਕੀ ਹੋਈ ਫਸਲ ਖਰਾਬ ਹੋ ਜਾਦੀ ਹੈ।
ਪਹਿਲਾ ਖੇਤੀ ਵਿਚ ਪੈਦਾਵਾਰ ਜਰੂਰ ਘੱਟ ਸੀ ਪਰ ਅਸੀ ਵੱਡੇ ਪਰਿਵਾਰਾ ਦਾ ਵੀ ਪੇਟ ਪਾਲ ਲੈਦੇ ਸੀ ਅੱਜ ਕਲ ਉਤਪਾਦਨ ਦਾ ਜ਼ਿਆਦਾ ਹੁੰਦਾ ਹੈ ਪਰ ਉਸਦਾ ਸਹੀ ਰੇਟ ਨਹੀ ਮਿਲਦਾ ਹੈ। ਜਿਸਦੇ ਕਾਰਣ ਅਸੀ ਬੈਕਾ ਦੇ ਕਰਜਾਈ ਹੁੰਦੇ ਜਾ ਰਹੇ ਹਾ।


ਸਾਡਾ ਮਾਲ ਵਪਾਰੀ ਮਾਨਕ ਵੇਖ ਕੇ ਸਸਤਾ ਖਰੀਦੇ ਹਨ ਜਦੋਕਿ ਅਸੀ ਬਿਨਾ ਮਾਨਕ ਵਖਾਏ ਮਹਿੰਗਾ ਸਮਾਨ ਬਜਾਰ ਵਿਚ ਲੇਦੇ ਹਾ।
ਸਾਹਿਬ ਜਦੋ ਸਾਡੇ ਕੋਲ ਸਾਡਾ ਖੁਦਾ ਦਾ ਬੀਜ ਹੀ ਨਹੀ ਤਾ ਅਸੀ ਕਿਸਾਨ ਕਿਵੇ ਹੋਏ ? ਸਾਡਾ ਬੀਜ ਤਾ ਵਿਦੇਸ਼ ਕੰਪਨੀਆ ਨੇ ਖੋ ਲਿਆ ਹੈ।
ਜੋ ਬੀਜ ਸਾਨੂੰ 400-500 ਰੁਪਏ ਕਿਲੋ ਹਾਈਬ੍ਰਿਡ ਦੇ ਨਾਮ ਦੇ ਨਾਲ ਮਿਲਦਾ ਹੈ ਉਹੀ ਸਾਡੇ ਤੋ 10-20 ਰੁਪਏ ਕਿਲੋ ਦੇ ਰੇਟ ਨਾਲ ਖਰੀਦ ਲੈਦੇ ਹਨ।
ਵਪਾਰਿਆ ਦੇ ਥਰੂ ਸਰਕਾਰ ਕਿਸਾਨਾ ਨੂੰ ਲੁੱਟ ਰਹੀ ਹੈ।
ਖੇਤੀ ਵਿਚ ਜਿਆਦਾ ਯੂਰੀਆ ਅਤੇ ਕੀਟਨਾਸ਼ਕ ਦੇ ਵਰਤਨ ਨਾਲ ਜਮੀਨ ਸਖਤ ਹੋ ਗਈ ਹੈ। ਪਾਣੀ ਜਿਆਦਾ ਲੱਗਦਾ ਹੈ ਅਤੇ ਕੀਟ ਵੀ ਜਿਆਦਾ ਆਓਦੇ ਹਨ। ਇਸ ਨਾਲ ਕੀਟਨਾਸ਼ਕ ਦੀ ਖਪਤ ਹੋਰ ਵੱਧ ਗਈ ਹੈ।


ਭੂਮੀ ਅਪਗ੍ਰਹਿਣ ਕਾਨੂੰਨ ਦੇ ਹਿਸਾਬ ਨਾਲ ਸਰਕਾਰ ਕਿਸਾਨਾਂ ਦੀ ਜਮੀਨ ਖੋਹ ਕੇ ਪੂੰਜੀਪਤੀਆ ਨੂੰ ਦੇ ਰਹੀ ਹੈ।
ਸਾਡੀ ਜਮੀਨ ਹੈ ਪਰ ਸਰਕਾਰ ਪ੍ਰਾਕਿਰਤਕ ਸੰਸਾਧਨਾ ਦਾ ਹੱਕ ਸਾਨੂੰ ਵੀ ਨਹੀ ਦੇ ਰਹੀ ਹੈ।
ਚਿਕਿਤਸਾ ਦੇ ਅਭਾਵ ਨਾਲ ਸਾਡੇ ਬੱਚੇ ਬਿਮਾਰਿਆ ਦੇ ਸਿਕਾਰ ਹੋ ਰਹੇ ਹਨ। ਚਿਕਿਤਸਾ ਆਮ ਆਦਮੀ ਦੀ ਪਹੁੰਚ ਤੋ ਕਾਫੀ ਦੂਰ ਹੈ।
ਸਿੱਖਿਆ ਇੰਨੀ ਮਹਿੰਗੀ ਹੋ ਗਈ ਹੈ ਕਿ ਅਸੀ ਬੱਚਿਆ ਨੂੰ ਪੜ੍ਹਾ ਵੀ ਨਹੀ ਸਕਦੇ।
ਸਿੱਖਿਆ, ਚਿਕਿਤਸਾ ਅਤੇ ਕਈ ਅੱਜ ਸਾਰੇ ਵੱਡੇ ਵਪਾਰੀ ਬਣ ਗਏ ਹਨ ਇਸ ਨਾਲ ਸਾਡਾ ਸਭ ਤੋ ਜਿਆਦਾ ਪੈਸਾ ਬਰਬਾਦ ਹੋਇਆ ਹੈ।
ਬੈਕ ਆਏ ਦਿਨ ਸਾਡੇ ਘਰਾ ਦੀ ਕੁਰਕੀ ਕਰ ਰਹੇ ਹਨ।
ਸਾਡੇ ਉਪਰ ਇੰਨਾ ਕਰਜਾ ਹੈ ਕਿ ਸਾਡੇ ਕੋਲ ਆਤਮ ਹੱਤਿਆ ਕਰਨ ਦੀ ਬਜਾਏ ਹੋਰ ਕੋਈ ਚਾਰਾ ਨਹੀਂ ਹੈ।


ਕਿਸਾਨ ਪੰਚਾਇਤ ਵਿਚ ਕਿਸਾਨਾ ਦੀ ਵਿਵਸਥਾ ਨੂੰ ਸੁਣ ਕੇ ਉਹ ਲੋਕ ਬਹੁਤ ਦੁੱਖੀ ਹੋ ਜਾਦੇ ਹਨ ਅਤੇ ਕੁਝ ਨਵਾ ਕਰਨ ਦਾ ਸਕੰਲਪ ਲੈ ਕੇ ਸਿੱਧੇ ਕਿਸਾਨ ਸੰਗਠਨ ਵਿਚ ਦੁਬਾਰਾ ਮਿਲਦੇ ਹਨ।
ਅਸੀ ਲੋਕ ਕਿਸਾਨ ਪੰਚਾਇਤ ਵਿਚੋ ਆ ਰਹੇ ਹਾ ਸਾਨੂੰ ਲੱਗਦਾ ਹੈ ਕਿ ਸਾਨੂੰ ਤੁਰੰਤ ਮੀਡਿਆ ਕਰਮੀਆ ਨਾਲ ਮਿਲਣਾ ਚਾਹੀਦਾ ਹੈ।
ਨੇਕ ਕੰਮ ਵਿਚ ਦੇਰੀ ਕਿਸ ਗੱਲ ਦੀ। ਚਲੋ ਹੁਣੇ ਚੱਲਦੇ ਹਾ।


ਜੀ ਨਮਸਕਾਰ ਜੀ,
ਨਮਸਕਾਰ । ਅਸੀ ਲੋਕ ਕੁਝ ਆਮ ਨਾਗਰਿਕ ਹਾ ਅਤੇ ਕੁਝ ਕਿਸਾਨ ਸੰਗਠਨ ਦੇ ਮੈਬਰ ਹਨ ਤੁਹਾਡੇ ਨਾਲ ਕੁਝ ਗੱਲਬਾਤ ਕਰਨਾ ਚਾਹੁੰਦੇ ਹਾ
ਜੀ ਦੱਸੋ।


ਦੱਸੋ ਕਿਵੇਂ ਆਉਣਾ ਹੋਇਆ?
ਸਾਡੇ ਦੇਸ ਵਿਚ ਕਿਸਾਨਾ ਦੀ ਹਾਲਤ ਤਾ ਤੁਹਾਨੂੰ ਪਤਾ ਹੀ ਹੈ। ਅਸੀ ਚਾਹੁੰਦੇ ਹਾ ਕਿ ਤੁਸੀ ਸਾਡੀ ਮਦਦ ਕਰੋ।


ਦੱਸੋ ..........ਅਸੀ ਤੁਹਾਡੀ ਕਿਵੇ ਮਦਦ ਕਰ ਸਕਦੇ ਹਾ ?
ਅਸੀ ਕਿਸਾਨਾ ਨੂੰ ਜਾਗਰੂਕ ਕਰਨਾ ਚਾਹੁੰਦੇ ਹਾ। ਨਾਲ ਹੀ ਤੁਹਾਡੇ ਦੁਆਰਾ ਸਾਰੇ ਦੇਸ਼ ਨੂੰ ਦਿਖਾਵਗੇ ਕਿ ਪੂਰੇ ਦੇਸ਼ ਦਾ ਪੇਟ ਭਰਨ ਵਾਲਾ ਕਿਸਾਨ ਖੁਦ ਭੁੱਖਾ ਹੈ ਅਤੇ ਕਿਵੇ ਕਿਸਾਨਾ ਦੀ ਲੁੱਟ ਦਾ ਖੇਡ ਚੱਲ ਰਿਹਾ ਹਾ ?


ਉਹ ਤਾ ਠੀਕ ਹੈ ਪਰ ?
ਪਰ ਕੀ ???



ਸਾਨੂੰ ਇਸ ਕੰਮ ਲਈ ਬਹੁਤ ਸਾਰੇ ਮੋਹਤਬਾਰ ਲੋਕਾ ਅਤੇ ਚੰਗੇ ਪੱਤਰਕਾਰਾ ਦੀ ਜਰੂਰਤ ਪਉਗੀ।
ਬਸ ਇੰਨੀ ਜਹੀ ਗੱਲ ਇਸਦੀ ਚਿੰਤਾ ਤੁਸੀ ਨਾ ਕਰੋ। ਸਾਡੇ ਸੰਗਠਨ ਦੇ ਲੋਕ ਤੁਹਾਡੀ ਪੂਰੀ ਮਦਦ ਕਰਨਗੇ। ਉਚ ਅਧਿਕਾਰੀਆ ਨਾਲ ਸਾਡੀ ਚੰਗੀ ਜਾਣ - ਪਹਿਚਾਣ ਹੈ।



ਮੀਡੀਆ ਕਮਰੀਆ ਅਤੇ ਕਿਸਾਨ ਸੰਗਠਨ ਦੇ ਸਹਿਯੋਗ ਨਾਲ ਪਿੰਡ - ਪਿੰਡ ਵਿਚ ਜਾਗਰੂਕਤਾ ਅਭਿਆਨ ਚਲਾਇਆ ਜਾਦਾ ਹੈ ਪਿੰਡ - ਪਿੰਡ ਵਿਚ ਜਾ ਕੇ ਕਿਸਾਨ ਭਾਈਆ ਅਤੇ ਭੈਣਾ ਨੂੰ ਸੰਗਠਿਤ ਕੀਤਾ ਜਾਦਾ ਹੈ।


ਸਾਡਾ ਸੱਭ ਤੋ ਜਿਆਦਾ ਖਰਚਾ ਰਸਾਇਣਿਕ ਖਾਦ, ਬੀਜ ਅਤੇ ਕੀਟਨਾਸਕ ਤੇ ਹੁੰਦਾ ਹੈ। ਜੈਵਿਕ ਖਾਦ, ਪਰਪਰਿਕ ਬੀਜ ਅਤੇ ਰਸਾਇਣਿਕ ਮੁਕਤੀ ਖੇਤੀ ਸਾਡਾ ਖਰਚਾ ਬਚਾ ਸਕਦੀ ਹੈ। ਕੁਟੀਰ ਉਦਯੋਗ, ਪਸੂ ਪਾਲਣ, ਮੱਛੀ ਪਾਲਣ ਅਤੇ ਹੋਰ ਛੋਟੇ ਉਦਯੋਗਾ ਨਾਲ ਸਾਨੂੰ ਕਾਫੀ ਕਮਾਈ ਹੋ ਸਕਦੀ ਹੈ।
ਪ੍ਰਾਕਿਰਤ ਆਫਤ ਹੋ ਜਾ ਸਾਮੁਦਾਇਕ ਸਮਸਿਆ ਅਸੀ ਸਾਰੇ ਇਕਠੇ ਮਿਲਕੇ ਇਸਦਾ ਸਾਹਮਣਾ ਕਰਾਗੇ। ਸਦਭਾਵਨਾ ਅਤੇ ਭਾਈਚਾਰੇ ਨਾਲ ਅਸੀ ਆਪਣਾ ਦੁਖ ਦੂਰ ਕਰ ਸਕਦੇ ਹਾ।
ਕੋਰਟ ਕਚਿਹਰੀ ਅਤੇ ਪੁਲਿਸ ਦੇ ਮਾਮਲੇ ਨੂੰ ਪਿੰਡ ਦੀ ਪੰਚਾਇਤ ਹੀ ਨਿਪਟਾ ਲਵੇਗੀ। ਇਸ ਨਾਲ ਖਰਚਾ ਵੀ ਬਚੇਗਾ ਅਤੇ ਨਿੰਆ ਵੀ ਮਿਲੇਗਾ।
ਅਤੇ ਸਭ ਤੋ ਜਿਆਦਾ ਜਰੂਰੀ ਹੈ ਸਾਡੀ ਮੇਹਨਤ ਅਤੇ ਵਿਸਵਾਸ। ਆਪਣੀ ਸਾਰੀ ਜਰੂਰਤਾ ਦਾ ਸਾਹਮਣਾ ਪਿੰਡ ਵਿਚ ਹੀ ਤਿਆਰ ਕਰਕੇ ਅਸੀ ਆਪਣੇ ਆਪ ਤੇ ਨਿਰਭਰ ਬਣ ਸਕਦੇ ਹਾ।

# ਖੁਸਹਾਲ ਪਿੰਡ ਅਤੇ ਕਰਜ ਮੁਕਤ ਕਿਸਾਨ

ਪਿੰਡ ਦੀ ਅਰਥ ਵਿਵਸਥਾ ਜਿਵੇ ਕਿ ਪਿੰਡ ਵਿਚ ਹੀ ਕੁਟੀਰ ਉਦਯੋਗ, ਪਸ਼ੂ ਪਾਲਣ, ਮਛੱਲੀ ਪਾਲਣ ਵਰਗੇ ਉਦਯੋਗ ਹਨ। ਪਿੰਡ ਦੀ ਜਰੂਰਤ ਦਾ ਸਮਾਨ ਪਿੰਡ ਵਿਚ ਹੀ ਤਿਆਰ ਕੀਤਾ ਜਾਦਾ ਹੈ ਤਾ ਕਿ ਬਾਜਾਰ ਦੀ ਮਹਿੰਗੀ ਚੀਜਾ ਵਿਚ ਪੈਸੇ ਖਰਚ ਨਾ ਹੋਵੇ। ਸਦਭਾਵ, ਭਾਈਚਾਰਾ ਅਤੇ ਭੇਦਭਾਵ ਰਹਿਤ, ਇਕ ਆਤਮ ਨਿਰਭਰ ਪਿੰਡ।






- ਜੈਵਿਕ ਖਾਦ, ਪਰਪਰਿਕ ਬੀਜ ਅਤੇ ਰਸਾਇਣਿਕ ਮੁਕਤੀ ਖੇਤੀ ਕਰਨ ਨਾਲ ਸਰੀਰ ਵਿਚ ਸੁਦਾਰ ਅਤੇ ਦਵਾਈਆ ਵਿਚ ਖਰਚਾ ਨਾ ਦੇ ਬਰਾਬਰ ।
- ਪੜ੍ਹਾਈ ਦੀ ਸੇਵਾ ਬਣਾ ਕੇ ਕਿਸਾਨ ਦੇ ਬੱਚੇ ਦੀ ਮੁਫਤ ਪੜ੍ਹਾਈ।
- ਕੁਟੀਰ ਉਦਯੋਗ ਦੀ ਕਮਾਈ ਨਾਲ ਜੋ ਪੈਸਾ ਬਚਦਾ ਹੈ ਉਸ ਨਾਲ ਪਿੰਡ ਦਾ ਵਿਕਾਸ ਕੁਝ ਪੈਸੇ ਨੂੰ ਪਿੰਡ ਵਿਚ ਇਕ ਬੈਕ ਬਣਾ ਕੇ ਰੱਖ ਦਿਤਾ ਜਾਦਾ ਹੈ।
- ਅਤੇ ਜਰੂਰਤ ਪੈਣ ਤੇ ਘੱਟ ਵਿਆਜ ਤੇ ਲੋਨ ਦਿਤਾ ਜਾਦਾ ਹੈ।
- ਪਿੰਡ ਵਿਚ ਇਕ ਦੇਸ਼ੀ ਬੀਜ ਬੈਕ ਦਾ ਪ੍ਰਬੰਧ ਹੋਣ ਨਾਲ ਦੇਸ਼ੀ ਬੀਜ ਅਸਾਨੀ ਨਾਲ ਮਿਲ ਜਾਦੇ ਹਨ।
- ਸਹਿਕਾਰੀ ਖਾਦ ਬੈਕ ਦਾ ਪ੍ਰਬੰਧ ਹਰ ਪਿੰਡ ਵਿਚ ਹੋਣ ਨਾਲ ਭੁੱਖਮਰੀ ਦੀ ਸਮਸਿਆ ਨਾਲ ਨਿਪਟਿਆ ਜਾ ਸਕਦਾ ਹੈ।

FOCUS ON THE GLOBAL SOUTH

## ਫੋਕਸ ਆਨ ਦ ਗਲੋਬਲ ਸਾਊਥ

ਫੋਕਸ ਆਨ ਦ ਗਲੋਬਲ ਸਾਊਥ ਏਸ਼ੀਆ (ਥਾਈਲੈਂਡ, ਫਿਲੀਪੀਨਸ ਅਤੇ ਭਾਰਤ) ਵਿੱਚ ਸਥਿਤ ਇੱਕ ਨੀਤੀ ਸ਼ੋਧ ਸੰਗਠਨ ਹੈ। ਫੋਕਸ਼ ਭਾਰਤ ਅਤੇ ਵਿਸ਼ਵ ਦੇ ਦੱਖਣੀ ਭਾਗ (ਵਿਕਾਸ਼ਸ਼ੀਲ ਦੇਸ਼) ਵਿੱਚ ਵਿਸ਼ਵੀਕਰਨ ਦੀ ਰਾਵਨੀਤਕ ਅਰਥ-ਵਿਵਸ਼ਥਾ ਅਤੇ ਇਸ ਪ੍ਰਕਿਰਿਆ ਵਿੱਚ ਸਹਿਜ ਪ੍ਰਮੁੱਖ ਸੰਸਥਾਵਾਂ ਦੇ ਬਾਰੇ ਵਿੱਚ ਸੋਧ ਅਤੇ ਵਿਸ਼ਲੇਸ਼ਣ ਪ੍ਰਦਾਨ ਕਰਨ ਅਤੇ ਸਮਾਜਿਕ ਅੰਦੋਲਨਾਂ ਸਮੁਦਾਏ ਦੀ ਸਹਾਇਤਾ ਕਰਦਾ ਹੈ। ਫੋਕਸ ਦਾ ਮੁੱਖ ਉਦੇਸ਼ ਦਮਨਕਾਰੀ ਆਰਥਿਕ ਅਤੇ ਰਾਜਨੀਤਿਕ ਸੰਨਰਚਨਾਵਾ ਦੀ ਸਮਾਪਤੀ, ਸਵਤੰਤਰ ਸੰਨਰਚਨਾਵਾਂ ਅਤੇ ਸਮਾਜ ਦਾ ਨਿਰਮਾਣ ਕਰਣ ਅਤੇ ਸਾਂਤੀ ਨੂੰ ਵਧਾਉਣਾ ਹੈ।

ROSA LUXEMBURG STIFTUNG
SOUTH ASIA

## ਰੋਜਾ ਲਕਜਮਬਰਗ ਸਟਿੰਗਤੁਗ (ਆਰ.ਐਲ.ਐਸ.)

ਰੋਜਾ ਲਕਜਮਬਰਗ ਸਟਿੰਗਤੁਗ (ਆਰ.ਐਲ.ਐਸ.) ਜਰਮਨੀ ਦੇ ਸਥਿਤ ਇੱਕ ਫਊਂਡੇਸ਼ਸ ਹੈ ਜੋ ਦੱਖਣੀ ਏਸ਼ੀਆ ਦੀ ਤਰ੍ਹਾਂ ਹੀ ਵਿਸ਼ਵ ਦੇ ਹੋਰ ਕਈ ਭਾਗਾਂ ਵਿੱਚ ਮਹੱਤਵਪੂਰਨ ਸਮਾਜਿਕ ਵਿਸ਼ਲੇਸ਼ਣ ਅਤੇ ਨਾਗਰਿਕ ਸਿੱਖਿਆ ਦੇ ਵਿਸ਼ੇ ਉੱਤੇ ਕੰਮ ਕਰ ਰਿਹਾ ਹੈ। ਇਹ ਇੱਕ ਸੰਪ੍ਰਭੂ, ਸਮਾਜਵਾਦੀ ਧਰਮਨਿਰਪੇਕਸ ਅਤੇ ਲੋਕਤੰਤਰਿਕ ਸਮਾਜਿਕ ਵਿਵਸਥਾ ਨੂੰ ਵਧਾਉਣਾ ਹੈ। ਇਸ ਦਾ ਉਦੇਸ਼ ਸਮਾਜ ਅਤੇ ਨੀਤੀ ਨਿਰਧਾਰਕਾ ਦੇ ਸਾਹਮਣੇ ਵੈਕਲਪਿਕ ਦ੍ਰਿਸ਼ਟੀਕੋਣ ਪ੍ਰਸਤੂਤ ਕਰਨਾ ਹੈ। ਇਹ ਸ਼ੋਧ ਸੰਗਠਨਾ ਸਵੈਮੁਕਤੀ ਦੇ ਲਈ ਸੰਘਰਸ਼ ਕਰਨ ਵਾਲੇ ਸਮੂਹਾ ਅਤੇ ਸਮਾਜਿਦ ਕੰਮ ਕਰਨ ਵਾਲਿਆ ਨੂੰ ਉਹਨਾਂ ਦੇ ਮਾਡਲ ਵਿਕਾਸ ਵਿੱਚ ਉਹਨਾਂ ਦੀ ਪਹਿਲਾਂ ਮਦਦ ਕਰਦਾ ਹੈ। ਜਿਨ੍ਹਾਂ ਵਿੱਚ ਸਭ ਤੋਂ ਵੱਧ ਸਮਾਜਿਕ ਅਤੇ ਆਰਥਿਕ ਦੇਣ ਦੀ ਸ਼ਮਤਾ ਹੈ।